ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

22

July - September 2016




## ਅੰਦਰ ਪੜ੍ਹੋ

- ਸਿਰਲੱਥ ਯੋਧਾ - ਬਾਬਾ ਬੰਦਾ ਸਿੰਘ ਬਹਾਦਰ
- ਅਣਗੌਲਿਆ ਆਜ਼ਾਦੀ ਸੰਗ੍ਰਾਮੀ-ਕਾ. ਹਜ਼ਾਰਾ ਸਿੰਘ ਸੈਣੀ
- ਯੁੱਗ-ਪਲਟਾਊ, ਪੰਜ ਇਸਤ੍ਰੀ ਵਿਗਿਆਨੀ
- ਸਫਲ ਸੈਣੀ ਸਖ਼ਸ਼ੀਅਤਾਂ
- ਰੌਚਕ ਸਾਹਿਤਿਕ ਰਚਨਾਵਾਂ
- ਨਰੋਈ ਜੀਵਨ-ਜਾਚ
- ਬਹੁਮੁੱਲਾ ਆਮ ਗਿਆਨ
- ਨੌਜਵਾਨਾਂ ਲਈ ਢੁੱਕਵੇਂ ਰਿਸ਼ਤੇ (ਮੈਟਰੀਮੋਨੀਅਲਜ਼)

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

 R.N.I. No. : PUNBIL/2011/48578

Volume - VI, Issue - III

# Saini Sansar

(Quarterly)

July - September 2016

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

India : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

Australia : **S. Malkiat Singh Saini,**
#4, Arnika Court, Jereme Grove, Glenwoood, Sydney-Australia

U.S.A. : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

U.K. : **Sh. Tarsem Singh Saini**
# 14, Forest Road, Cambridge-CB1 9JB (U.K.)

Canada : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 02.07.2016**

# ਸੈਣੀ ਸੰਸਾਰ
(ਤਿਮਾਹੀ)

ਜਿਲਦ 6, ਅੰਕ 3 ਜੁਲਾਈ - ਸਤੰਬਰ 2016

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@yahoo.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਕਵਰ 'ਤੇ ਫੋਟੋ :

ਸਾਉਣ ਮਹੀਨੇ ਕਿਕਲੀ ਪਾਉਂਦੀਆਂ ਮੁਟਿਆਰਾਂ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| Famous Saini Personalities | 5 |
| ਅਣਗੌਲਿਆ ਆਜ਼ਾਦੀ ਸੰਗ੍ਰਾਮੀ- ਕਾ. ਹਜ਼ਾਰਾ ਸਿੰਘ ਸੈਣੀ | 6-7 |
| ਸੈਣੀ ਭਵਨ ਦੀਆਂ ਸਰਗਰਮੀਆਂ | 8-11 |
| ਯੁੱਗ-ਪਲਟਾਊ, ਇਸਤ੍ਰੀ ਵਿਗਿਆਨੀ | 12-13 |
| ਭਾਰਤੀ ਵਿਗਿਆਨੀਆਂ ਦੀਆਂ ਮਾਣਮੱਤੀਆਂ ਸਫ਼ਲਤਾਵਾਂ | 14 |
| ਨਿਧੜਕ ਆਗੂ-ਰਾਜ ਕੁਮਾਰ ਸੈਣੀ ਐੱਮ.ਪੀ. ਕੁਰੂਕਸ਼ੇਤਰ | 15 |
| ਕਹਾਣੀ - ਕਰੇਵਾ | 16-17 |
| ਸ਼੍ਰੀ ਭੁਪਿੰਦਰ ਸਿੰਘ ਸੈਣੀ-ਪ੍ਰਧਾਨ ਨਗਰ ਕੌਂਸਲ ਡੇਰਾਬਸੀ | 18 |
| Sainis in News | 19-20 |
| ਏਕ ਨੂਰ ਸਵੈਸੇਵੀ ਸੰਸਥਾ ਪਠਲਾਵਾ | 21-22 |
| ਕਵਿਤਾ - ਰਹਿਬਰ | 22 |
| ਲੇਖ - ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ | 23-24 |
| ਸ਼ਰਧਾਂਜਲੀ - ਚੀਫ ਇੰਜ. ਐੱਸ. ਆਰ. ਬੜਵਾਲ | 25 |
| ਸਿਰਲੱਥ ਯੋਧਾ - ਬਾਬਾ ਬੰਦਾ ਸਿੰਘ ਬਹਾਦਰ | 26-27 |
| Life Members of Saini Bhawan / Saini Sansar | 28 |
| Shining Light House - L.R. Mundra | 29 |
| ਲੇਖ - ਵਾਧੂ ਸੋਚ ਤੋਂ ਛੁਟਕਾਰਾ | 30-31 |
| ਕਹਾਣੀ - ਦੇਖਦੀ ਅੱਖ | 32 |
| ਸੈਣੀ ਸਮਾਚਾਰ | 33 |
| ਤੰਦਰੁਸਤੀ ਲਈ ਯੋਗ ਸਿੱਖਿਆ | 34-35 |
| ਰਾਸ਼ਟਰੀ ਖੇਡ ਐਵਾਰਡਜ਼ | 36 |
| ਇੱਕ ਖਾਮੋਸ਼ ਕਾਤਲ | 37 |
| ਕਵਿਤਾਵਾਂ ਤੇ ਹੋਰ | 38-39 |
| ਲੇਖ - ਜ਼ਿੰਦਗੀ | 40 |
| Matrimonials | 41-44 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :


| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 01881-226588) ਤੋਂ ਤਿਆਰ ਕਰਵਾਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਸਾਰੇ ਜਹਾਂ ਸੇ..... ਹਿੰਦੋਸਤਾਂ ਹਮਾਰਾ

ਅਜਮੇਰ ਸਿੰਘ (ਡਾ.)



ਅਸੀਂ ਭਾਰਤੀ, ਆਪਣੇ ਮਾਨਵਤਾਵਾਦੀ ਧਾਰਮਿਕ ਵਿਰਸੇ 'ਤੇ ਅੰਤਾਂ ਦਾ ਮਾਣ ਕਰਦੇ ਹਾਂ।ਅਸੀਂ ਇਹ ਵੀ ਦਲੀਲਾਂ ਦਿੰਦੇ ਹਾਂ ਕਿ ਮੱਧਕਾਲ ਵਿੱਚ ਮੁਸਲਿਮ ਧਾੜਵੀਆਂ ਨੇ ਧਰਮ ਦੇ ਨਾਂ 'ਤੇ ਇਸ ਦੇਸ਼ ਦੀਆਂ ਮਾਣਮੱਤੀਆਂ ਰਵਾਇਤਾਂ ਨੂੰ ਮਿੱਟੀ ਵਿੱਚ ਰੋਲ ਦਿੱਤਾ ਅਤੇ ਇਨ੍ਹਾਂ ਤੋਂ ਬਾਅਦ ਵਿੱਚ ਆਏ ਅੰਗਰੇਜ਼ੀ ਸ਼ਾਸਕਾਂ ਨੇ ਇਸ ਦੀ ਦੌਲਤ ਨੂੰ ਖੂਬ ਲੁੱਟਿਆ ਅਤੇ ਦੇਸ਼-ਭਗਤਾਂ 'ਤੇ ਅਸਹਿ ਜ਼ੁਲਮ ਕੀਤੇ।ਇਹ ਸਾਰੀਆਂ ਬੇਇਨਸਾਫ਼ੀਆਂ ਅਤੇ ਕੁਕਰਮ ਇਤਿਹਾਸ ਦਾ ਹਿੱਸਾ ਹਨ ਅਤੇ ਸਮੇਂ ਸਮੇਂ ਇਨ੍ਹਾਂ ਦੀ ਬੇਬਾਕ ਨਿੰਦਾ ਵੀ ਹੋਈ ਹੈ।ਇਨ੍ਹਾਂ ਵਿਦੇਸ਼ੀ ਸ਼ਾਸਕਾਂ ਤੋਂ ਨਜ਼ਾਤ ਹਾਸਲ ਕਰਨ ਲਈ ਸਾਡੇ ਆਜ਼ਾਦੀ-ਸੰਗ੍ਰਾਮੀਆਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ।ਇਨ੍ਹਾਂ ਸ਼ਹੀਦਾਂ ਨੇ ਇੱਕ ਜ਼ੁਲਮਰਹਿਤ ਤੇ ਸੁਰੱਖਿਅਤ ਭਾਰਤ ਦਾ ਸੁਪਨਾ ਲਿਆ ਸੀ। ਇਸ ਨੂੰ ਸਾਕਾਰ ਕਰਨ ਲਈ ਸਾਡੇ ਦੇਸ਼ ਦੇ ਸੂਝਵਾਨ ਤੇ ਸੁਹਿਰਦ ਨੇਤਾਵਾਂ ਤੇ ਬੁੱਧੀਜੀਵੀਆਂ ਨੇ ਇੱਕ ਸਰਵੋਤਮ ਸੰਵਿਧਾਨ ਤਿਆਰ ਕੀਤਾ, ਜਿਸ ਰਾਹੀਂ ਸਾਰੇ ਨਾਗਰਿਕਾਂ ਲਈ ਬਰਾਬਰੀ,ਇਨਸਾਫ਼ ਤੇ ਸੁਰੱਖਿਆ ਦੀ ਗਾਰੰਟੀ ਦਿੱਤੀ ਗਈ।ਇਸ ਮੰਤਵ ਲਈ ਇੱਕ ਨਿਆਂ-ਪ੍ਰਣਾਲੀ ਤਿਆਰ ਕੀਤੀ ਗਈ ਜਿਸ ਦੀ ਵਾਗਡੋਰ ਖ਼ੁਦਮੁਖ਼ਤਿਆਰ ਨਿਆਂ-ਪਾਲਕਾ ਨੂੰ ਸੌਂਪੀ ਗਈ।ਗੱਲ ਕੀ ਕਿ ਇਹ ਹਰ ਪੱਖ ਤੋਂ ਸੁਨਿਸ਼ਚਿਤ ਕੀਤਾ ਗਿਆ ਕਿ ਦੇਸ਼ ਦੇ ਹਰ ਸ਼ਾਂਤੀਪਸੰਦ ਤੇ ਵਫ਼ਾਦਾਰ ਨਾਗਰਿਕ ਨੂੰ ਇਨਸਾਫ਼ ਮਿਲੇ।

ਆਜ਼ਾਦੀ ਤੋਂ ਦੋ ਕੁ ਦਹਾਕਿਆਂ ਦੇ ਸਮੇਂ ਤੱਕ ਦੇਸ਼ ਦੇ ਨਾਗਰਿਕਾਂ ਨੇ ਬਹੁਤ ਰਾਹਤ ਮਹਿਸੂਸ ਕੀਤੀ। ਇਸ ਤੋਂ ਬਾਅਦ ਬੇਅਸੂਲੇ ਰਾਜਨੀਤਿਕ ਨੇਤਾਵਾਂ, ਕੁਰੱਪਟ ਅਫ਼ਸਰ--ਸ਼ਾਹੀ ਤੇ ਲਾਲਚੀ ਪੁਲਿਸ ਵਿਚਕਾਰ ਅਜਿਹਾ ਨਾਪਾਕ ਗੱਠਜੋੜ ਬਣਨ ਲੱਗਾ ਕਿ ਦੇਸ਼ ਦੇ ਕਾਨੂੰਨ ਦੀਆਂ ਧੱਜੀਆਂ ਉੜਨ ਲੱਗੀਆਂ।ਪੁਲਿਸ ਨੇ ਜ਼ੁਰਮ ਨੂੰ ਰੋਕਣ ਦੇ ਬਹਾਨੇ ਗ਼ੈਰਮਨੁੱਖੀ ਤੇ ਜ਼ਾਲਮਾਨਾ ਢੰਗ-ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। ਪੁਲਿਸ ਆਮ ਲੋਕਾਂ ਦੀ ਸੁਰੱਖਿਆ ਪ੍ਰਤਿ ਏਨੀ ਅਵੇਸਲੀ ਹੋ ਗਈ ਕਿ ਅਪਰਾਧੀ, ਜ਼ੁਰਮ ਕਰਕੇ ਸਾਫ਼ ਨਿਕਲ ਜਾਂਦੇ। ਵੀਹਵੀਂ ਸਦੀ ਦੇ ਅੰਤ ਤੱਕ ਪੁੱਜਦਿਆਂ ਦੇਸ਼ ਵਿੱਚ ਇੰਨੀ ਗ਼ੈਰਕਾਨੂੰਨੀਅਤ ਫ਼ੈਲ ਗਈ ਕਿ ਹਰ ਇਨਸਾਫ਼ਪਸੰਦ ਨਾਗਰਿਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਾ।

ਲੰਘੀ ਸ਼ਤਾਬਦੀ ਦੇ ਸੱਤਵੇਂ ਦਹਾਕੇ ਵਿੱਚ ਨਕਸਲਬਾੜੀ ਲਹਿਰ ਨੂੰ ਜ਼ਬਰੀ ਕੁਚਲਣ ਲਈ ਆਰੰਭ ਕੀਤੇ ਬਦਨਾਮ ਪੁਲਿਸ-ਮੁਕਾਬਲਿਆਂ ਨੂੰ, ਪੰਜਾਬ ਵਿੱਚ ਅੱਠਵੇਂ-ਨੌਵੇਂ ਦਹਾਕੇ ਦੌਰਾਨ ਚੱਲੀ ਫ਼ਿਰਕੂ ਹਵਾ ਨੇ ਉਹ ਤਾਕਤ ਦਿੱਤੀ ਕਿ ਹੁਣ ਇਹ ਹਨੇਰੀ ਠੱਲ੍ਹਣ ਦਾ ਨਾਂ ਨਹੀਂ ਲੈਂਦੀ। ਪੰਜਾਬ ਵਿੱਚ ਖ਼ਾਲਿਸਤਾਨੀ ਲਹਿਰ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਝੂਠੇ ਪੁਲਿਸ ਮੁਕਾਬਲੇ ਸਾਹਮਣੇ ਆਏ ਜਿਨ੍ਹਾਂ ਨੂੰ ਉਜਾਗਰ ਕਰਨ ਵਾਲੇ ਮਾਨਵ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦਾ ਵੀ ਇਹੋ ਹਸ਼ਰ ਹੋਇਆ ਸੀ।ਇੱਥੇ ਕੇਵਲ ਹੁਣੇ ਹੁਣੇ ਚਰਚਾ ਵਿੱਚ ਆਏ 'ਪੀਲੀਭੀਤ ਝੂਠੇ ਪੁਲਿਸ ਮੁਕਾਬਲੇ' ਦਾ ਜ਼ਿਕਰ ਕਰਨਾ ਹੀ ਕਾਫ਼ੀ ਹੈ ਜਿਸ ਤੋਂ ਪੁਲਿਸ ਦੀ ਕਰੂਰਤਾ ਸਾਹਮਣੇ ਆਉਂਦੀ ਹੈ।12 ਜੁਲਾਈ 1991 ਨੂੰ ਵਾਪਰੀ ਇਸ ਘਟਨਾ ਦੀ ਪੂਰੀ ਸਚਾਈ 25 ਸਾਲਾਂ ਬਾਅਦ ਸਾਹਮਣੇ ਆਈ ਹੈ ਜਿਸ ਦੇ ਸਿੱਟੇ ਵਜੋਂ 47 ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਹੋਈ ਹੈ। ਯੂ.ਪੀ.ਪੁਲਿਸ ਨੇ ਪੰਜਾਬ ਤੋਂ ਪਰਿਵਾਰਾਂ ਸਮੇਤ ਇੱਕ ਲਗਜ਼ਰੀ ਬੱਸ ਵਿੱਚ ਸਵਾਰ ਹੋ ਕੇ ਧਾਰਮਿਕ ਯਾਤਰਾ 'ਤੇ ਗਏ ਸ਼ਰਧਾਲੂਆਂ ਵਿੱਚੋਂ 11 ਨਿਹੱਥੇ ਨੌਜਵਾਨਾਂ ਨੂੰ ਜਬਰੀ ਬੱਸ ਵਿੱਚੋਂ ਲਾਹ ਲਿਆ ਅਤੇ ਜੰਗਲ ਵਿੱਚ ਲਿਜਾ ਕੇ ਸਾਰਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ।ਪੁਲਿਸ ਨੇ ਇਸ ਨੂੰ ਖ਼ਾਲਿਸਤਾਨੀ ਦਹਿਸ਼ਤਗਰਦਾਂ ਨਾਲ ਹੋਏ ਮੁਕਾਬਲੇ ਵਜੋਂ ਪੇਸ਼ ਕੀਤਾ ਅਤੇ ਲਾਸ਼ਾਂ ਦਾ ਪੋਸਟਮਾਰਟਮ ਕਰਵਾਏ ਬਗ਼ੈਰ ਹੀ ਅਣਪਛਾਤੀਆਂ ਦੱਸ ਕੇ ਸਾੜ ਦਿੱਤਾ ਗਿਆ।

ਇਸ ਝੂਠੇ ਮੁਕਾਬਲੇ ਦੀ ਅਸਲੀਅਤ ਕਦੇ ਵੀ ਸਾਹਮਣੇ ਨਾ ਆਉਂਦੀ ਜੇ ਦਿੱਲੀ ਹਾਈ ਕੋਰਟ ਦੇ ਸਾਬਕਾ ਜਸਟਿਸ ਆਰ.ਐੱਸ.ਸੋਢੀ ਨੇ ਸੁਪਰੀਮ ਕੋਰਟ ਵਿੱਚ ਜਨ ਹਿਤ ਪਟੀਸ਼ਨ ਨਾ ਪਾਈ ਹੁੰਦੀ ਜਿਸ 'ਤੇ ਹੋਏ ਆਦੇਸ਼ਾਂ ਅਨੁਸਾਰ ਸੀ.ਬੀ.ਆਈ.ਨੇ ਪੜਤਾਲ ਕੀਤੀ ਸੀ। ਕੋਰਟ ਵਿੱਚ ਪੇਸ਼ ਕੀਤੀਆਂ ਗਈਆਂ ਪੋਸਟਮਾਰਟਮ ਰਿਪੋਰਟਾਂ ਕੋਈ ਹੋਰ ਹੀ ਲਾਸ਼ਾਂ ਦੀਆਂ ਸਨ ਜਿਨ੍ਹਾਂ ਦੀ ਸੁੰਨਤ ਹੋਈ ਦੱਸੀ ਗਈ ਸੀ।ਮਾਨਯੋਗ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਲਿਖਿਆ ਕਿ ਦੋਸ਼ੀਆਂ ਨੇ ਇਹ ਘਿਨਾਉਣਾ ਕਾਰਾ ਪੰਜਾਬ ਵਿੱਚ ਉਸ ਸਮੇਂ ਚੱਲ ਰਹੀ ਦਹਿਸ਼ਤਗਰਦੀ ਦੀ ਹਨੇਰੀ ਦਾ ਲਾਹਾ ਲੈਂਦਿਆਂ ਤਰੱਕੀਆਂ ਹਾਸਲ ਕਰਨ ਲਈ ਕੀਤਾ ਸੀ।ਇਹ ਤਾਂ ਹਜ਼ਾਰਾਂ ਵਿੱਚੋਂ ਕੇਵਲ ਇੱਕ ਘਟਨਾ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਸੰਨ 2002 ਤੋਂ 2013 ਤੱਕ ਕੇਵਲ 12 ਸਾਲ ਦੇ ਸਮੇਂ ਦੌਰਾਨ ਹੀ ਮੁਲਕ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੇ 995 ਕੇਸ ਦਰਜ ਹੋਏ ਹਨ।

ਕਿਸੇ ਵੱਡੇ ਤੋਂ ਵੱਡੇ ਗੁਨਾਹਗਾਰ ਨੂੰ ਪੁਲਿਸ ਦੁਆਰਾ ਝੂਠੇ ਮੁਕਾਬਲੇ ਵਿੱਚ ਮਾਰਨਾ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਉੱਥੇ ਦੇਸ਼ ਦੇ ਕਾਨੂੰਨ ਅਤੇ ਨਿਆਂ-ਪ੍ਰਣਾਲੀ ਦੀਆਂ ਧੱਜੀਆਂ ਉਡਾਉਣਾ ਵੀ ਹੈ।ਪੁਲਿਸ ਦੇ ਇਹ ਢੰਗ-ਤਰੀਕੇ ਤਾਂ ਮੁਗਲਾਂ ਵਲੋਂ ਸਿੱਖ-ਬਾਗੀਆਂ ਨੂੰ ਦਿੱਤੇ ਜਾਂਦੇ ਅਣਮਨੁੱਖੀ ਤਸੀਹਿਆਂ ਅਤੇ ਅੰਗਰੇਜ਼ਾਂ ਵਲੋਂ ਆਜ਼ਾਦੀ-

ਸੰਗ੍ਰਾਮੀਆਂ ਲਈ ਲਾਗੂ ਕੀਤੇ 'ਨੋ ਵਕੀਲ, ਨੋ ਦਲੀਲ, ਨੋ ਅਪੀਲ' ਕਾਨੂੰਨ ਤੋਂ ਵੀ ਭੈੜੇ ਹਨ। ਇਸ ਵਰਤਾਰੇ ਨਾਲ ਪੁਲਿਸ ਵਿੱਚ ਅਨੁਸ਼ਾਸਨਹੀਣਤਾ ਵਧਣ ਦੇ ਨਾਲ ਨਾਲ ਗ਼ੈਰਇਖ਼ਲਾਕੀ ਰੁਚੀਆਂ ਵੀ ਪੈਦਾ ਹੁੰਦੀਆਂ ਹਨ। ਹੁਣ ਇਹ ਧਾਰਨਾ ਵੀ ਪੱਕੀ ਹੋ ਰਹੀ ਹੈ ਕਿ ਮੁਲਕ ਵਿੱਚ ਸਿਆਸੀ ਸਰਪ੍ਰਸਤੀ ਅਧੀਨ ਪੁਲੀਸਤੰਤਰ,ਇਨਸਾਫ਼ ਨੂੰ ਲੰਬੇ ਸਮੇਂ ਤੱਕ ਬੰਦੀ ਬਣਾ ਕੇ ਰੱਖਣ ਦੇ ਸਮਰੱਥ ਹੈ। ਝੂਠੇ ਪੁਲਿਸ-ਮੁਕਾਬਲੇ,ਲੋਕਰਖਵਾਲਿਆ ਵਲੋਂ ਹੀ ਸੰਵਿਧਾਨ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਉਣ ਦੇ ਪ੍ਰਤੱਖ ਪ੍ਰਮਾਣ ਹਨ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਅਜਿਹੇ ਗੈਰਕਾਨੂੰਨੀ ਕਾਰੇ ਕੇਵਲ ਇੱਕ ਸਰਕਾਰ ਜਾਂ ਸਿਆਸੀ ਪਾਰਟੀ ਤੱਕ ਸੀਮਿਤ ਨਹੀਂ ਬਲਕਿ ਇਨ੍ਹਾਂ ਨੂੰ ਅੰਜ਼ਾਮ ਦੇਣ ਵਿੱਚ ਹਰ ਵੰਨਗੀ ਦੇ ਜ਼ਿੰਮੇਵਾਰ ਸਿਆਸੀ ਅਤੇ ਪ੍ਰਸ਼ਾਸਨਿਕਤੰਤਰ ਦੇ ਲੋਕਾਂ ਦਾ ਇੱਕ ਵਰਗ ਸ਼ਾਮਿਲ ਹੁੰਦਾ ਹੈ।

ਆਮ ਨਾਗਰਿਕ ਦੀ ਸੁਰੱਖਿਆ ਪ੍ਰਤਿ ਪ੍ਰਸ਼ਾਸਨ ਦੀ ਲਾਪ੍ਰਵਾਹੀ ਤੇ ਪੁਲਿਸ ਦੇ ਅਵੇਸਲੇਪਨ ਦੇ ਪ੍ਰਤੱਖ ਪ੍ਰਮਾਣ ਸੰਨ 1984 ਦੌਰਾਨ ਹਰਿਆਣਾ ਵਿੱਚ ਵਾਪਰੀਆਂ ਦੁਖਦ ਹਿੰਸਕ ਘਟਨਾਵਾਂ ਤੋਂ ਮਿਲਦੇ ਹਨ। ਇਸ ਰਾਜ ਦੇ ਇੱਕ ਮਸ਼ਹੂਰ ਤੇ ਘਣੀ ਆਬਾਦੀ ਵਾਲੇ ਪਿੰਡ 'ਹੋਂਦ ਚਿੱਲੜ' ਵਿੱਚ ਦਿਨ ਦਿਹਾੜੇ ਸਿੱਖ ਪਰਿਵਾਰਾਂ ਦੇ ਘਰ ਸਾੜ ਕੇ 32 ਨਿਹੱਥੇ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਦਿਲਕੰਬਾਊ ਘਟਨਾ ਦੀ ਕਿਤੇ ਧੂਹ ਵੀ ਨਹੀਂ ਨਿਕਲੀ। ਕਰੀਬ 27 ਸਾਲ ਦੇ ਅਰਸੇ ਤੋਂ ਬਾਅਦ 2011 ਵਿੱਚ ਕਿਸੇ ਮਨਵਿੰਦਰ ਸਿੰਘ ਨਾਂ ਦੇ ਇੰਜਨੀਅਰ ਨੂੰ ਇਸ ਦੀ ਭਿਣਕ ਪਈ ਤਾਂ ਉਸ ਨੇ ਪਿੰਡ ਵਿੱਚ ਜਾ ਕੇ ਪੁੱਛਪ੍ਰਤੀਤ ਕੀਤੀ ਤਾਂ ਇਸ ਘਟਨਾ ਦੀ ਚਰਚਾ ਅਖਬਾਰਾਂ ਵਿੱਚ ਹੋਈ। ਇਸ'ਤੇ ਕਾਰਵਾਈ ਕਰਦਿਆਂ ਹਰਿਆਣਾ ਸਰਕਾਰ ਨੇ ਹਾਈ ਕੋਰਟ ਦੇ ਸੇਵਾਮੁਕਤ ਜੱਜ ਨੂੰ ਇਸ ਘਟਨਾ ਦੀ ਪੜਤਾਲ ਕਰਨ ਦਾ ਹੁਕਮ ਦਿੱਤਾ,ਜਿਸ ਨਾਲ ਸਚਾਈ ਸਾਹਮਣੇ ਆਈ। ਇਸ ਜੱਜ ਨੇ ਆਪਣੀ ਰਿਪੋਰਟ ਵਿੱਚ ਇੱਕ ਹੋਰ ਭੇਦ ਖੋਲ੍ਹਿਆ ਕਿ ਉਸ ਸਮੇਂ ਹੀ ਗੁੜਗਾਉਂ ਤੇ ਪਟੌਦੀ ਵਿੱਚ ਵੀ 47 ਸਿੱਖਾਂ ਦਾ ਕਤਲ ਹੋਇਆ ਸੀ।

ਇਹ ਘਟਨਾਵਾਂ ਕਿਤੇ ਜੰਗਲ ਵਿੱਚ ਜਾਂ ਰਾਤ ਦੇ ਹਨ੍ਹੇਰੇ ਵਿੱਚ ਨਹੀਂ ਸਗੋਂ ਸ਼ਰੇਆਮ ਸਭ ਦੇ ਸਾਹਮਣੇ ਵਾਪਰੀਆਂ। ਇਸ ਤੋਂ ਅੰਦਾਜ਼ਾ ਲਗਾਉਣਾ ਕਠਿਨ ਨਹੀਂ ਕਿ ਹੋਰ ਵੀ ਬਹੁਤ ਸਾਰੇ ਅਜਿਹੇ ਕਤਲੇਆਮ ਹੋਏ ਹੋਣਗੇ ਜਿਨ੍ਹਾਂ ਨੂੰ ਜੱਗ ਜਾਹਿਰ ਕਰਨ ਲਈ ਕੋਈ 'ਇੰਜਨੀਅਰ' ਅੱਗੇ ਨਹੀਂ ਆਇਆ। ਇਸ ਦਾ ਭਾਵ ਇਹ ਹੋਇਆ ਕਿ ਜ਼ੁਰਮਾਂ ਨੂੰ ਉਜਾਗਰ ਕਰਨ ਦੀ ਪੁਲਿਸ ਜਾਂ ਸਿਵਲ ਪ੍ਰਸ਼ਾਸਨ ਦੀ ਕੋਈ ਜ਼ਿੰਮੇਵਾਰੀ ਨਹੀਂ। ਹੈਰਾਨੀ ਦੀ ਗੱਲ ਹੈ ਕਿ ਕਿਤੇ ਇੱਕ ਵਿਅਕਤੀ ਦਾ ਕਤਲ ਹੋ ਜਾਵੇ ਤਾਂ ਪੁਲਿਸ ਦੀਆਂ ਦੌੜਾਂ ਲਗ ਜਾਦੀਆਂ ਹਨ ਅਤੇ ਅਖ਼ਬਾਰਾਂ ਵਿੱਚ ਸੁਰਖੀਆਂ ਛਪ ਜਾਂਦੀਆਂ ਹਨ ਪਰੰਤੂ ਇੰਨੇ ਵੱਡੇ ਪੱਧਰ 'ਤੇ ਹੋਏ ਨਰਸੰਘਾਰ ਦਾ ਕਿਸੇ ਨੂੰ ਪਤਾ ਨਹੀਂ ਲੱਗਾ। ਹਰ ਪਿੰਡ ਵਿੱਚ ਸਥਾਨਿਕ ਸਰਕਾਰ ਦੇ ਜ਼ਿੰਮੇਵਾਰ ਅਧਿਕਾਰੀ ਮੌਜੂਦ ਹਨ ਅਤੇ ਥੋੜ੍ਹੀ-ਥੋੜ੍ਹੀ ਦੂਰੀ 'ਤੇ ਪੁਲਿਸ ਚੌਂਕੀਆਂ ਹਨ। ਇਹ ਜੰਗਲ ਰਾਜ ਨਹੀਂ ਤਾਂ ਹੋਰ ਕੀ ਹੈ?

ਭਾਰਤ ਵਰਗੇ ਪਰਿਪੱਕ ਲੋਕਤੰਤਰਕ ਸਰਕਾਰ ਤੋਂ ਅਜਿਹੀ ਲਾਪ੍ਰਵਾਹੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਨਾਲ ਲੋਕਾਂ ਦਾ ਦੇਸ਼ ਦੇ ਸੰਵਿਧਾਨ,ਪ੍ਰਬੰਧ ਅਤੇ ਨਿਆਂਪ੍ਰਣਾਲੀ ਤੋਂ ਵਿਸ਼ਵਾਸ ਉੱਠ ਜਾਏਗਾ। ਸਮਾਜ ਵਿੱਚ ਇਨਸਾਫ਼ ਦੀ ਆਸਥਾ ਖ਼ਤਮ ਹੋਣ ਦਾ ਨਤੀਜਾ ਸਿਆਸੀ ਅਤੇ ਸਮਾਜਿਕ ਗੜਬੜੀ ਵਿੱਚ ਨਿਕਲੇਗਾ। ਕਿਹਾ ਜਾਂਦਾ ਹੈ ਕਿ ਇਨਸਾਫ਼ ਵਿੱਚ ਦੇਰੀ ਇਨਸਾਫ਼ ਨਾ ਦੇਣ ਦੇ ਤੁੱਲ ਹੁੰਦੀ ਹੈ। ਇਸ ਦੇ ਨਾਲ ਹੀ ਇਨਸਾਫ਼ ਦੀ ਮੰਗ ਕਰਨਾ ਅਤੇ ਹਾਸਲ ਕਰਨਾ ਅਤਿ ਜ਼ਰੂਰੀ ਹੈ ਕਿਉਂਕਿ ਦੋਸ਼ਾਂ ਉਤੇ ਪਰਦਾਪੋਸ਼ੀ ਕਰਨਾ ਇਤਿਹਾਸ ਨੂੰ ਕਲੰਕਿਤ ਕਰਨ ਦੇ ਬਰਾਬਰ ਹੈ।

ਦੇਸ਼ ਦੇ ਸੰਵਿਧਾਨ ਦੀ ਇਸ ਦੁਰਦਸ਼ਾ ਨੂੰ ਰੋਕਣਾ ਹਰ ਇਨਸਾਫ਼ਪਸੰਦ ਤੇ ਸਵੈਮਾਨੀ ਨਾਗਰਿਕ ਦਾ ਫ਼ਰਜ਼ ਹੈ। ਜੇ ਇਸ ਨੂੰ ਹੋਰ ਅੱਗੇ ਵਧਣ ਦਿੱਤਾ ਗਿਆ ਤਾਂ ਭਾਰਤ,ਲੋਕ-ਕਲਿਆਣਕਾਰੀ ਦੇਸ਼ਾਂ ਦੀ ਦਰਜਾਬੰਦੀ ਵਿੱਚ ਬਹੁਤ ਨੀਚੇ ਚਲੇ ਜਾਵੇਗਾ ਅਤੇ ਭਾਰਤ ਵਿਕਸਤ ਦੇਸ਼ਾਂ ਦੇ ਲੋਕਾਂ ਲਈ ਮਖੌਲ ਦਾ ਪਾਤਰ ਬਣ ਜਾਵੇਗਾ। ਜੇ ਅਸੀਂ ਆਪਣੀਆਂ ਆਉਂਣ ਵਾਲੀਆਂ ਪੀੜ੍ਹੀਆਂ ਨੂੰ ਇਸ ਨਮੋਸ਼ੀ ਤੋਂ ਬਚਾਉਂਣਾ ਚਾਹੁੰਦੇ ਹਾਂ ਤਾਂ ਸੱਚੇ ਨਾਗਰਿਕ ਬਣ ਕੇ ਆਪਣਾ ਫਰਜ਼ ਨਿਭਾਉਂਦਿਆਂ ਦੇਸ਼ ਦੀ ਵਾਗਡੋਰ ਅਜਿਹੇ ਨੇਤਾਵਾਂ ਦੇ ਹੱਥ ਫੜਾਈਏ ਜੋ ਕੇਵਲ ਖ਼ਾਸ ਵਿਅਕਤੀਆਂ ਦੀ ਸੁਰੱਖਿਆ ਲਈ ਹੀ ਕੌਮ ਦਾ ਪੈਸਾ ਤੇ ਸਮਾਂ ਬਰਬਾਦ ਨਾ ਕਰਨ ਸਗੋਂ ਆਮ ਲੋਕਾਂ ਦੀ ਸੁਰੱਖਿਆ ਨੂੰ ਵੀ ਸੁਨਿਸ਼ਚਿਤ ਕਰਨ। ਕਿਸੇ ਦੇਸ਼ ਦੀ'ਅੱਛਾ'ਜਾਂ'ਬੁਰਾ'ਦਰਜਾਬੰਦੀ ਨਾਗਰਿਕਾਂ ਦੀ ਭਲਾਈ ਤੇ ਸੁਰੱਖਿਆ ਦੀ ਮਾਤਰਾ ਅਨੁਸਾਰ ਹੁੰਦੀ ਹੈ। ਇਸ ਲਈ ਸੰਪਾਦਕੀ ਦੇ ਸਿਰਲੇਖ ਵਿੱਚ ਖਾਲੀ ਛੱਡੀ ਥਾਂ ਅਜੇ ਢੁਕਵੇਂ ਵਿਸ਼ੇਸ਼ਣ ਨਾਲ ਭਰੀ ਜਾਣੀ ਹੈ।

-ਮੁੱਖ ਸੰਪਾਦਕ

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ,
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ।
ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ।
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।
ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ।

-ਸੁਰਜੀਤ ਪਾਤਰ



## Famous Saini Personalities

Gurmukh Singh Longia

Saini Brabri has produced a number of important personalities in the field of Education, Politics and Social service, out of which most well known are the following-

### A. INTELLECTUALS

**1.Prof.Emeritus Balwant Singh Saini-**
Deptt.of Architecture,
Uni. of Queensland (Australia).

**2.Prof.Subhash Saini**
Computer Scientist,
NASA Ames Research Centre(U.S.A.).

**3.Dr.Gulshan Rai Saini**
Soil Scientist, Canadian Deptt.Of Agriculture(Canada).

**4.Dr.Avtar Paul**
Structural Engr.Montreal (Canada).

**5.Sh.Avtar Saini**
Computer Engr.,
Scientist and Developer Intel,(India&USA).

**6.Prof.Krishan G.Saini**
World Bank Economist, Newyork(USA).

**7.Engr.Jagat Singh Dhamrait**
Highway Civil Engr.Illinois
Federal Highway Adm.(USA).

**8.Dr.Uma Saini**
Director, Language Teaching Centre,Johns Hopkins Uni.(USA).

**9.Prof.Simranjit Singh Saini**
Deptt.Of Elec.&Computer Engg.Uni.of Waterloo(Canada).

**10.Dr.Hargurdeep (Deep) Saini**
Vice-Chancellor,Uni.of Canberra(Australia).

**11.Dr.Vikas Saini-Scientist**
Deptt. Of Surgery Loyola Uni.Medical Centre Chicago(USA).

**12.Dr.Gurdas Ram Saini-**
Economic Adv.UNO Ministry of Agriculture,(India).

**13.Prof.Indu Banga**
Deptt.of History Panjab Uni.Chandigarh(India).

**14. Prof.B.S.Saini**
Deptt. of History,
Panjab University Chandigarh(India).

**15.Prof.Debi S.Saini**
Chairperson,Management Dev. Institute, Gurgaon(India).

**16. Prof.Ranjit Singh Saini**
Deptt.of History Delhi University ,Dehli(India).

**17.Prof.Malkiat Singh(Retd.)**
D.Sc.,Deptt.of Zoology Panjabi Uni.Patiala(India).

**18.Dr.Hazara Singh(Retd.)D.Litt.**
Deptt. Of English PAU Ludhiana(India).

**19.Dr.Ranjit Singh Tamber (Retd.)**
Agriculture Scientist,PAU Ludhiana(India).

**20.Dr.Sukhdev Singh**
Clinical Psychologist,Panjab Uni.Chd. (India).

**21.Dr.Barjinder Singh Hamdard**
Editor-in-Chief Newspaper,Ajit Jalandhar(India).

**22. Sh.Nek Chand Saini**
Creator, Director of Rock Garden Chd. (India).

### B. POLITICIANS

**1.S.Harjit Singh Sajjan**
Defence Minister of Canada.

**2.Sh.Raj Saini**
Member of Parliament Kitchner Centre(Canada).

**3.Sh.Raj kumar Saini**
M.P.Kurukshetra, Haryana(India).

**4.Ch.Balbir Singh(Late)**
Ex.M.P.Hoshiarpur(India).

**5.S.Dilbag Singh Nawanshahar (Late)**
Ex Cabinet Minister Panjab(India).


**6.Sh.Charanjit Singh Channi (Nawanshahr)**
Ex.M.P.Hoshiarpur(India).

**7.Sh.Kamal Chaudhary**
–Ex.M.P.Hoshiarpur(India).

-Rupnagar

(Source-Saini Pages 2015-16,North American Saini Cultural Association, Canada)

(To be continued…)




ਅਣਗੌਲਿਆ ਆਜਾਦੀ ਸੰਗ੍ਰਾਮੀ

# ਕਾਮਰੇਡ ਹਜ਼ਾਰਾ ਸਿੰਘ ਸੈਣੀ

ਹਰਮੇਲ ਸਿੰਘ ਲੈਕ. (ਰਿਟਾ.)

ਭਾਰਤ ਦੇਸ਼ ਦੀ ਆਜ਼ਾਦੀ ਲਈ ਹਜ਼ਾਰਾਂ ਦੇਸ਼ ਭਗਤਾਂ ਨੇ ਆਪਣੇ ਜੀਵਨ ਦੀ ਆਹੂਤੀ ਦਿੱਤੀ। ਸੈਂਕੜੇ ਫਾਂਸੀ ਦੇ ਤਖਤਿਆਂ ਤੇ ਚੜ੍ਹੇ, ਕਾਲੇ ਪਾਣੀ ਦੀਆਂ ਜ਼ੇਲ੍ਹਾਂ ਵਿੱਚ ਗਲ਼ੇ ਅਤੇ ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ। ਇਨ੍ਹਾਂ ਸ਼ਹੀਦਾਂ ਨੇ ਇੱਕ ਅਜਿਹੇ ਲੋਕਤੰਤ੍ਰਿਕ ਆਜ਼ਾਦ ਭਾਰਤ ਦਾ ਸੁਪਨਾ ਲਿਆ ਜਿਸ ਵਿੱਚ ਲੁੱਟ-ਖਸੁੱਟ ਨਾ ਹੋਵੇ ਅਤੇ ਸਭ ਨੂੰ ਬਰਾਬਰ ਦਾ ਨਿਆਂ ਮਿਲੇ। ਆਜ਼ਾਦੀ ਤੋਂ ਬਾਅਦ ਆਪਣੀ ਸਰਕਾਰ ਤਾਂ ਬਣ ਗਈ ਪਰੰਤੂ ਰਾਜ-ਸੱਤਾ ਸਰਮਾਏਦਾਰਾਂ ਦੇ ਹੱਥ ਹੀ ਰਹੀ। ਇਸ ਕਾਰਨ ਸਮੇਂ ਦੀ ਤੋਰ ਵਿਤਕਰਾਭਰਪੂਰ ਰਹੀ ਜਿਸ ਦੇ ਸ਼ਿਕਾਰ ਆਜ਼ਾਦੀ ਦੇ ਪ੍ਰਵਾਨੇ ਵੀ ਹੋਏ। ਕੇਵਲ ਉਹ ਸ਼ਹੀਦ ਹੀ ਇਤਿਹਾਸ ਦੇ ਪੰਨਿਆਂ 'ਤੇ ਉੱਕਰੇ ਗਏ ਜਿਨ੍ਹਾਂ ਦੇ ਵਾਰਿਸ ਰਾਜਸੀ ਸੱਤਾ ਦੇ ਨਜ਼ਦੀਕ ਸਨ ਜਾਂ ਆਪਣੇ ਵਿਰਸੇ ਪ੍ਰਤਿ ਜਾਗਰੂਕ ਸਨ। ਉਨ੍ਹਾਂ ਨੇ ਆਪਣੇ ਸ਼ਹੀਦਾਂ ਦੀ ਸ਼ਹੀਦੀ ਦਾ ਬਣਦਾ ਮੁੱਲ ਸਰਕਾਰੀ ਪੱਦਵੀਆਂ ਅਤੇ ਆਰਥਿਕ ਲਾਭਾਂ ਦੇ ਰੂਪ ਵਿੱਚ ਵੀ ਵਸੂਲ ਕੀਤਾ। ਇਸ ਦੌੜ ਵਿੱਚ ਗਰੀਬ ਕਿਸਾਨ ਤੇ ਮਜ਼ਦੂਰ ਕਿਤੇ ਪਿੱਛੇ ਰਹਿ ਗਏ। ਉਨ੍ਹਾਂ ਪਰਿਵਾਰਾਂ ਦੇ ਸੁਤੰਤਰਤਾ ਸੈਨਾਨੀ ਸਮੇਂ ਦੀ ਧੂੜ ਵਿੱਚ ਹੀ ਗੁਆਚ ਗਏ। ਉਨ੍ਹਾਂ ਦਾ ਨਾਮ ਕਿਤੇ ਪੜ੍ਹਨ ਅਤੇ ਸੁਣਨ ਨੂੰ ਨਹੀਂ ਮਿਲਦਾ। ਉਨ੍ਹਾਂ ਦੇ ਉੱਜੜੇ ਘਰਾਂ ਤੇ ਪਰਿਵਾਰਾਂ ਦੀ ਕਿਸੇ ਨੇ ਸਾਰ ਵੀ ਨਹੀਂ ਲਈ। ਅਜਿਹਾ ਹੀ ਇੱਕ ਅਣਗੌਲਿਆ ਮਹਾਨ ਸ਼ਹੀਦ ਸੀ-ਕਾਮਰੇਡ ਹਜ਼ਾਰਾ ਸਿੰਘ ਜਿਸ ਨੇ ਆਪਣਾ ਵਿਆਹ ਆਜ਼ਾਦ ਭਾਰਤ ਵਿੱਚ ਹੀ ਕਰਵਾਉਣ ਦਾ ਪ੍ਰਣ ਲਿਆ ਪ੍ਰੰਤੂ ਉਸ ਨੂੰ ਇਹ ਦਿਨ ਦੇਖਣਾ ਨਸੀਬ ਨਾ ਹੋਇਆ ਅਤੇ ਉਹ ਆਪਣਿਆਂ (ਭਾਰਤੀਆਂ) ਹੱਥੋਂ ਹੀ ਕੇਵਲ 26 ਸਾਲ ਦੀ ਉਮਰ ਵਿੱਚ 3 ਜੁਲਾਈ 1939 ਨੂੰ ਸ਼ਹੀਦੀ ਜਾਮ ਪੀ ਗਿਆ।



ਕਾਮਰੇਡ ਹਜ਼ਾਰਾ ਸਿੰਘ ਦਾ ਜਨਮ ਸੰਨ 1913 ਵਿੱਚ ਰੋਪੜ ਜ਼ਿਲ੍ਹੇ ਦੇ ਪਿੰਡ ਭੱਲੜੀ(ਨੇੜੇ ਨੰਗਲ)ਵਿਖੇ ਇੱਕ ਗਰੀਬ ਕਿਸਾਨ ਸ. ਰਾਜਾ ਸਿੰਘ ਤੰਬੜ ਅਤੇ ਮਾਤਾ ਸ਼੍ਰੀਮਤੀ ਰਲੀ ਦੇ ਸੈਣੀ ਪਰਿਵਾਰ ਵਿੱਚ ਹੋਇਆ। ਆਪ ਦੇ ਦੋ ਭਰਾ-ਵੱਡਾ ਸ.ਬਤਨ ਸਿੰਘ ਤੇ ਛੋਟਾ ਸ.ਸ਼ਿਵ ਸਿੰਘ ਅਤੇ ਪੰਜ ਭੈਣਾਂ ਸਨ। ਇਸ ਸਮੇਂ ਉਨ੍ਹਾਂ ਦੀ ਕੇਵਲ ਇੱਕ ਭੈਣ ਜੀਵਿਤ ਹੈ। ਵੱਡੇ ਭਰਾ ਦਾ ਇੱਕ ਪੁੱਤਰ ਸ.ਹਰਮੇਲ ਸਿੰਘ ਸਿੱਖਿਆ ਵਿਭਾਗ ਤੋਂ ਰਿਟਾਇਰ ਹੋ ਕੇ ਰੋਪੜ ਰਹਿੰਦਾ ਹੈ ਅਤੇ ਛੋਟਾ ਪੁੱਤਰ ਸ.ਜਗਤਾਰ ਸਿੰਘ ਪਿੰਡ ਭਲੜੀ ਵਿੱਚ ਕਾਰੋਬਾਰ ਕਰਦਾ ਹੈ।

ਜਿਸ ਉਮਰ ਨੂੰ ਅਜੋਕੇ ਨੌਜਵਾਨ ਐਸ਼ਪ੍ਰਸਤੀ ਕਰਨ ਦਾ ਮੌਕਾ ਸਮਝਦੇ ਹਨ ਉਸ ਅੱਲ੍ਹੜ ਉਮਰੇ ਹਜ਼ਾਰਾ ਸਿੰਘ,ਸ਼ਹੀਦ ਭਗਤ ਸਿੰਘ ਦਾ ਨਜ਼ਦੀਕੀ ਸਾਥੀ ਬਣ ਕੇ ਬੰਬ ਬਣਾਉਣ ਲੱਗ ਪਿਆ ਸੀ। ਸ.ਹਜ਼ਾਰਾ ਸਿੰਘ ਅਤੇ ਹੋਰ ਸਾਥੀਆਂ ਦੀ ਯੋਜਨਾ ਅਨੁਸਾਰ ਸ.ਭਗਤ ਸਿੰਘ ਨੂੰ 23 ਮਾਰਚ 1931 ਨੂੰ ਰਾਤ ਦੇ 12 ਵਜੇ ਲਾਹੌਰ ਜੇਲ੍ਹ ਦੀ ਕੰਧ ਨੂੰ ਪਾੜ ਕੇ ਬਾਹਿਰ ਕੱਢ ਲਿਆ ਜਾਣਾ ਸੀ ਪਰੰਤੂ ਇਸ ਵਿੱਚ ਕਾਮਯਾਬੀ ਨਾ ਮਿਲੀ ਕਿਉਂਕਿ ਕਿਸੇ ਸੂਹੀਏ ਵਲੋਂ ਇਹ ਗੱਲ ਸਰਕਾਰ ਤੱਕ ਪਹੁੰਚਾ ਦੇਣ ਕਾਰਨ ਸ. ਭਗਤ ਸਿੰਘ ਨੂੰ ਫਾਂਸੀ ਲਈ ਨਿਯਤ ਮਿਤੀ,24 ਮਾਰਚ (ਸਵੇਰੇ) ਦੀ ਬਜਾਏ 23 ਮਾਰਚ ਰਾਤ ਨੂੰ 10 ਵਜੇ ਹੀ ਫਾਂਸੀ ਦੇ ਦਿੱਤੀ ਗਈ। ਫਾਂਸੀ ਸਮੇਂ ਸ.ਹਜ਼ਾਰਾ ਸਿੰਘ, ਉਸ ਦਾ ਭਰਾ ਸ.ਬਤਨ ਸਿੰਘ ਤੇ ਹਜ਼ਾਰਾਂ ਹੋਰ ਇਨਕਲਾਬੀ ਜੇਲ੍ਹ ਦੇ ਬਾਹਰ ਮੌਜੂਦ ਸਨ। ਹੁਣ ਆਪ ਪੂਰੀ ਤਨਦੇਹੀ ਨਾਲ ਆਜ਼ਾਦੀ-ਸੰਗ੍ਰਾਮ ਵਿੱਚਕੁੱਦ ਪਏ ਸਨ। ਇਸ ਲਈ ਆਪ ਨੂੰ 1931 ਵਿੱਚ ਹੀ ਸਿਆਸੀ ਸਾਜ਼ਿਸ ਅਧੀਨ ਅੰਮ੍ਰਿਤਸਰ ਵਿੱਚ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਜਿੱਥੋਂ ਉਹ 1933 ਵਿੱਚ ਆਪਣੇ 5 ਸਾਥੀਆਂ ਸਮੇਤ ਫਰਾਰ ਹੋ ਗਏ ਅਤੇ ਮਦਰਾਸ ਪਹੁੰਚ ਗਏ।

ਊਟੀ ਬੈਂਕ ਲੁੱਟਣ ਦੀ ਯੋਜਨਾ ਵੀ ਆਪ ਨੇ ਬਣਾਈ ਜਿੱਥੋਂ ਕਿ ਹਜ਼ਾਰਾਂ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ ਵਿੱਚ ਵੱਡੀ ਰਕਮ ਲੈ ਕੇ ਹਵਾ ਹੋ ਗਏ। ਇਸ ਡਕੈਤੀ ਦਾ ਰੌਲਾ ਸਾਰੇ ਹਿੰਦੋਸਤਾਨ ਵਿੱਚ ਪੈ ਗਿਆ ਜਿਸ ਕਾਰਨ ਇੱਕ ਹਫਤੇ ਦੀ ਦੌੜ ਧੂਪ ਤੋਂ ਬਾਅਦ ਆਪ ਨੂੰ ਫੜ ਲਿਆ ਗਿਆ ਗਿਆ। ਜੇਲ੍ਹ ਦੀਆਂ ਦੀਵਾਰਾਂ ਵੀ ਇਸ ਇਨਕਲਾਬੀ ਨੌਜਵਾਨ ਨੂੰ ਡੱਕ ਕੇ ਨਾ ਰੱਖ ਸਕੀਆਂ ਅਤੇ ਉਹ ਉੱਥੋਂ ਵੀ ਕੰਧ ਟੱਪ ਕੇ ਭੱਜਣ ਵਿੱਚ ਸਫ਼ਲ ਹੋ ਗਏ। ਆਪ ਦਸ ਦਿਨ ਤੱਕ ਗੋਦਾਵਰੀ ਨਦੀ ਦੇ ਖਤਰਨਾਕ ਜੰਗਲਾਂ ਵਿੱਚ ਭਟਕਦੇ ਰਹੇ ਅਤੇ ਅੰਤ ਰੇਲਵੇ ਸਟੇਸ਼ਨ 'ਤੇ ਗੱਡੀ ਵਿੱਚ ਸਵਾਰ ਹੋਣ ਲਈ ਖੜ੍ਹੇ ਪਕੜ ਲਏ ਗਏ। ਇਨ੍ਹਾਂ ਨੂੰ ਅੰਡੇਮਾਨ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਇੱਥੇ ਵੀ ਉਹ ਚੁੱਪ ਨਹੀਂ ਬੈਠੇ ਅਤੇ ਬਾਬਾ ਗੁਰਮੁਖ ਸਿੰਘ ਜੀ ਵਲੋਂ ਚਲਾਈ ਭੁੱਖ ਹੜਤਾਲ ਵਿੱਚ ਸ਼ਾਮਿਲ ਹੋ ਗਏ। ਇਹ ਭੁੱਖ ਹੜਤਾਲ 40 ਦਿਨ ਚੱਲੀ ਜਿਸ ਦੇ ਨਤੀਜੇ ਵਜੋਂ ਸਾਰੇ ਸਿਆਸੀ ਕੈਦੀਆਂ ਨੂੰ ਉਨ੍ਹਾਂ ਦੇ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਭੁੱਖ ਹੜਤਾਲ ਕਾਰਨ ਸ.ਹਜ਼ਾਰਾ ਸਿੰਘ ਦੇ ਪੈਰ ਕੁੱਝ ਦਿਨਾਂ ਲਈ ਬਿਲਕੁਲ ਨਾਕਾਰਾ ਹੋ ਗਏ। ਸ. ਹਜ਼ਾਰਾ ਸਿੰਘ ਨੂੰ ਖ਼ਤਰਨਾਕ ਇਨਕਲਾਬੀ ਮੰਨਦਿਆਂ ਮਦਰਾਸ ਦੀ ਕਾਂਗਰਸ ਸਰਕਾਰ ਨੇ ਇਨ੍ਹਾਂ ਨੂੰ ਰਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇੱਥੇ ਵੀ ਆਪ ਨੇ

ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਅਤੇ ਦੋ ਮਹੀਨੇ ਦੀ ਕਰੜੀ ਮੁਸ਼ੱਕਤ ਤੋਂ ਬਾਅਦ ਆਪ ਨੂੰ ਰਿਹਾ ਤਾਂ ਕਰ ਦਿੱਤਾ ਗਿਆ ਪਰੰਤੂ ਬਾਹਰ ਨਿਕਲਦਿਆਂ ਹੀ ਨੋਟਿਸ ਮਿਲ ਗਿਆ ਕਿ ਉਨ੍ਹਾਂ ਨੂੰ ਪੰਜਾਬ ਤੋਂ ਇੱਕ ਸਾਲ ਵਾਸਤੇ ਜਲਾਵਤਨ ਕਰ ਦਿੱਤਾ ਗਿਆ ਹੈ। ਇਸ ਉਪਰੰਤ ਆਪ ਨੂੰ ਲਾਹੌਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਜਿੱਥੋਂ ਉਹ 1938 ਵਿੱਚ ਬਾਹਰ ਆਏ। ਆਪ ਨੇ ਆਪਣੇ ਘਰ ਵਾਲਿਆਂ ਨੂੰ ਚਿੱਠੀ ਲਿਖ ਕੇ ਸਪਸ਼ਟ ਦੱਸ ਦਿੱਤਾ ਕਿ ਹੁਣ ਉਹ ਭਾਵੇਂ ਜੇਲ੍ਹ ਤੋਂ ਛੁੱਟ ਗਿਆ ਹੈ ਪਰੰਤੂ ਉਨ੍ਹਾਂ ਦੇ ਕੰਮ ਨਹੀਂ ਆ ਸਕੇਗਾ।

ਕਾ.ਹਜ਼ਾਰਾ ਸਿੰਘ ਦੇ ਅੰਦਰ ਮਜ਼ਦੂਰਾਂ ਪ੍ਰਤਿ ਸਨੇਹ ਠਾਠਾਂ ਮਾਰਦਾ ਸੀ। ਉਨ੍ਹਾਂ ਦੇ ਹੱਕਾਂ ਦੀ ਪੈਰਵੀ ਕਰਨ ਲਈ ਆਪ ਕੁੱਝ ਸਮੇਂ ਲਈ ਗਯਾ ਵੀ ਗਏ ਜਿੱਥੇ ਇਨਕਲਾਬੀ ਲਹਿਰ ਨੂੰ ਪ੍ਰਚੰਡ ਕੀਤਾ। ਆਪਣੇ ਸੀਨੇ ਵਿੱਚ ਮਜ਼ਦੂਰਾਂ ਦਾ ਦਰਦ ਲੈ ਕੇ ਉਹ ਟਾਟਾ ਨਗਰ ਚਲੇ ਗਏ ਜਿੱਥੇ ਤਾਰ ਕੰਪਨੀ ਵਰਕਰਜ਼ ਯੂਨੀਅਨ ਦੇ ਮਜ਼ਦੂਰਾਂ ਨੂੰ ਲਾਮਬੰਦ ਕਰਨਾ ਆਰੰਭ ਕੀਤਾ। ਇਸ ਕਾਰਨ ਉਹ ਕੰਪਨੀ-ਮਾਲਕਾਂ(ਸ.ਬਲਦੇਵ ਸਿੰਘ ਸਾਬਕਾ ਰੱਖਿਆ ਮੰਤਰੀ) ਦੀਆਂ ਅੱਖਾਂ ਵਿੱਚ ਰੜਕਣ ਲੱਗੇ। ਟਾਟਾ ਤਾਰ ਕੰਪਨੀ ਦੇ ਮਜ਼ਦੂਰਾਂ ਨੇ 2 ਜੁਲਾਈ 1939 ਨੂੰ ਆਪਣੀਆਂ ਹੱਕੀ ਮੰਗਾਂ ਮਨਵਾਉਂਣ ਲਈ ਹੜਤਾਲ ਸ਼ੁਰੂ ਕਰ ਦਿੱਤੀ। ਫੈਕਟਰੀ ਮਾਲਕਾਂ ਨੇ ਹੜਤਾਲ ਨੂੰ ਫੇਲ੍ਹ ਕਰਨ ਲਈ 3 ਜੁਲਾਈ ਨੂੰ ਕੁੱਝ ਗ਼ਦਾਰ ਮਜ਼ਦੂਰਾਂ ਨੂੰ ਬੱਸਾਂ ਭਰ ਕੇ ਲਿਆਉਂਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਕਾ.ਹਜ਼ਾਰਾ ਸਿੰਘ ਮਜ਼ਦੂਰਾਂ ਨੂੰ ਲਾਮਬੰਦ ਕਰ ਰਹੇ ਸਨ। ਮਾਲਕਾਂ ਦੇ ਆਦੇਸ਼ 'ਤੇ ਬੱਸ ਡਰਾਇਵਰ ਨੇ ਕਾ.ਹਜ਼ਾਰਾ ਸਿੰਘ 'ਤੇ ਬੱਸ ਚਾੜ੍ਹ ਦਿੱਤੀ ਇਹ ਘਟਨਾ ਦਿਨ ਦਿਹਾੜੇ ਸਭ ਦੇ ਸਾਹਮਣੇ ਦੁਪਹਿਰ ਪਿੱਛੋਂ 3.30 ਵਜੇ ਵਾਪਰੀ। ਆਪ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਜਿਸ ਕਾਰਨ ਹਸਪਤਾਲ ਵਿੱਚ ਦਮ ਤੋੜ ਗਏ। ਸਾਰੀ ਮਜ਼ਦੂਰ ਜਮਾਤ ਵਿੱਚ ਸੋਗ ਤੇ ਗੁੱਸੇ ਦੀ ਲਹਿਰ ਦੌੜ ਗਈ। ਹਜ਼ਾਰਾਂ ਮਜ਼ਦੂਰਾਂ ਨੇ ਆਪਣੇ ਸ਼ਹੀਦ ਸਾਥੀ ਦੀ ਅਰਥੀ ਪਿੱਛੇ ਇੱਕ ਕਿਲੋਮੀਟਰ ਲੰਬੇ ਜਲੂਸ ਵਿੱਚ ਸ਼ਾਮਿਲ ਹੋ ਕੇ ਖੂਨ ਦੇ ਅੱਥਰੂ ਵਹਾਏ। ਕਾ. ਹਜ਼ਾਰਾ ਸਿੰਘ, ਮਰਦੇ ਦਮ ਤੱਕ ਵੀ ਚੜ੍ਹਦੀ ਕਲਾ ਵਿੱਚ ਰਹਿ ਕੇ ਆਖਰੀ ਸੰਦੇਸ਼ ਦੇ ਗਏ"..ਤੁਸੀਂ ਮੇਰੇ ਲਈ ਕਿਉਂ ਰੋਂਦੇ ਹੋ! ਮੈਂ ਤਾਂ ਸਿਰਫ ਆਪਣਾ ਫ਼ਰਜ਼ ਪੂਰਾ ਕੀਤਾ ਹੈ। ਬੇਸ਼ੱਕ ਮੇਰੀ ਇੱਛਾ ਸੀ ਕਿ ਮੈਂ ਕਿਸਾਨ ਮਜ਼ਦੂਰ ਰਾਜ ਦੀ ਸਥਾਪਨਾ ਆਪਣੀਆਂ ਅੱਖਾਂ ਨਾਲ ਦੇਖ ਸਕਾਂ ਪਰੰਤੂ ਅਫਸੋਸ ਹੈ ਕਿ ਉਹ ਪੂਰੀ ਨਹੀਂ ਹੋ ਸਕੀ। ਖ਼ੈਰ! ਖੁਸ਼ੀ ਹੈ ਕਿ ਮੈਂ ਆਪਣੇ ਉਦੇਸ਼ ਲਈ ਹੀ ਆਪਣੀ ਜਾਨ ਲੇਖੇ ਲਾ ਦਿੱਤੀ ਹੈ।..."।

ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਇਨਕਲਾਬੀ ਦੇਸ਼ਭਗਤ ਦੇ ਗਰੀਬ ਪਰਿਵਾਰ ਦੀ ਆਜ਼ਾਦ ਭਾਰਤ ਦੀ ਸਰਕਾਰ ਨੇ ਕੋਈ ਸਾਰ ਨਹੀਂ ਲਈ ਅਤੇ ਨਾਂ ਕੋਈ ਯਾਦਗਾਰ ਸਥਾਪਿਤ ਕੀਤੀ। ਭਾਵੇਂ ਸ਼ਹੀਦ ਆਪਣੀਆਂ ਕੁਰਬਾਨੀਆਂ ਕਿਸੇ ਨਿੱਜੀ ਜਾਂ ਪਰਿਵਾਰਿਕ ਸਵਾਰਥ ਲਈ ਨਹੀਂ ਦੇਂਦੇ ਪਰੰਤੂ ਉਹ ਕੌਮ ਸਿਰ ਭਾਰਾ ਕਰਜ਼ਾ ਚਾੜ੍ਹ ਜਾਂਦੇ ਹਨ ਜਿਸ ਨੂੰ ਉਤਾਰਨਾ ਕੌਮ ਦਾ ਫਰਜ਼ ਹੁੰਦਾ ਹੈ। ਕਿਸੇ ਜਾਤ, ਨਸਲ, ਇਲਾਕੇ ਜਾਂ ਉਚ-ਨੀਚ ਦੇ ਆਧਾਰ 'ਤੇ ਵਿਤਕਰਾ ਕਰਨਾ ਜਿੱਥੇ ਸ਼ਹੀਦਾਂ ਦੀ ਬੇਇਜ਼ਤੀ ਹੈ ਉੱਥੇ ਦੇਸ਼-ਕੌਮ ਲਈ ਵੀ ਨਮੋਸ਼ੀ ਵਾਲੀ ਗੱਲ ਹੈ। ਜੇ ਪਹਿਲਾਂ ਕਿਸੇ ਕਾਰਨ ਕਾ. ਹਜ਼ਾਰਾ ਸਿੰਘ ਦੀ ਸ਼ਹਾਦਤ ਦਾ ਪੂਰਾ ਮੁੱਲ ਨਹੀਂ ਪਾਇਆ ਜਾ ਸਕਿਆ ਤਾਂ ਹੁਣ ਵੀ ਸਮਾਂ ਹੈ ਕਿ ਇਸ ਬੇਇਨਸਾਫੀ ਨੂੰ ਦੂਰ ਕੀਤਾ ਜਾਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਇਸ ਸ਼ਹੀਦ ਦੇ ਭਾਈਚਾਰੇ ਨੂੰ ਦੇਸ਼-ਕੌਮ ਨਾਲ ਹਮੇਸ਼ਾਂ ਰੰਜਿਸ਼ ਰਹੇਗੀ। ਸੈਣੀ ਬਰਾਦਰੀ ਨੂੰ ਆਪਣੇ ਇਸ ਮਹਾਨ ਸ਼ਹੀਦ ਦੀ ਕੁਰਬਾਨੀ 'ਤੇ ਮਾਣ ਹੈ।

-ਰੂਪਨਗਰ

## ਮਾਣਮੱਤੀਆਂ ਸੈਣੀ ਧੀਆਂ

### ਜਸਜੀਤ ਕੌਰ ਬਣਵੈਤ

ਚੰਡੀਗੜ੍ਹ ਨਾਲ ਸਬੰਧਿਤ ਇਸ ਵਿਗਿਆਨੀ ਖੋਜ ਵਿਦਿਆਰਥਣ ਨੇ ਅਮਰੀਕਾ ਦੀ ਯੂਨੀਵਰਸਿਟੀ ਆਫ਼ ਨੇਬਰਾਸਕਾ(ਓਮਾਹਾ)ਤੋਂ ਬਾਇਓਇੰਨਫਰਮੇਟਿਕ ਵਿੱਚ ਪੈਕਰੀਐਟਿਕ ਕੈਂਸਰ ਵਿਸ਼ੇ 'ਤੇ ਪੀ.ਐੱਚ.ਡੀ.ਦੀ ਡਿਗਰੀ ਹਾਸਲ ਕਰਕੇ ਆਪਣੇ ਮਾਂ ਬਾਪ ਅਤੇ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ। ਇਸ ਬੁੱਧੀਜੀਵੀ ਵਿਦਿਆਰਥਣ ਨੂੰ ਬਹੁਤ ਬਹੁਤ ਵਧਾਈ।

### ਸ਼ਿਵਾਨੀ ਸੈਣੀ



ਅੰਬਾਲਾ ਸ਼ਹਿਰ ਦੇ ਸ੍ਰੀ ਰਾਜਿੰਦਰ ਸੈਣੀ ਅਤੇ ਸ੍ਰੀਮਤੀ ਮੰਜੂ ਦੀ ਹੋਣਹਾਰ ਬੇਟੀ ਨੇ ਫ਼ਿਲਮ ਸਟਾਰ ਬਣ ਕੇ ਸ਼ੋਹਰਤ ਕਮਾਈ ਹੈ। ਨੈਸ਼ਨਲ ਇੰਸਟੀਚਿਊਟ ਆਫ ਫ਼ੈਸ਼ਨ ਡਿਜ਼ਾਇਨਿੰਗ ਦੀ ਗ੍ਰੈਜੂਏਟ ਸ਼ਿਵਾਨੀ ਨੇ ਹੁਣੇ ਰਿਲੀਜ਼ ਹੋਈ ਫਿਲਮ ਸਰਬਜੀਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਫਿਲਮ ਦੀ ਨਾਇਕਾ ਪ੍ਰਸਿੱਧ ਹੀਰੋਇਨ ਐਸ਼ਵਰੀਆ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਫਿਲਮ'ਹੈਪੀ ਟੂ ਲੱਕੀ'ਵਿੱਚ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਚੁੱਕੀ ਹੈ। ਸ਼ਿਵਾਨੀ ਸੈਣੀ ਆਪਣੇ ਸ਼ਹਿਰ ਅਤੇ ਬਰਾਦਰੀ ਦਾ ਮਾਣ ਹੈ।



ਹਰਸਿਮਰਨਜੀਤ ਕੌਰ ਪੁੱਤਰੀ ਸ. ਜਸਵਿੰਦਰ ਸਿੰਘ ਹਰਗੋਬਿੰਦ ਨਗਰ ਰੂਪਨਗਰ ਜੋ ਭਾਰਤੀ ਸੇਵਾਵਾਂ ਵਿੱਚ ਭਰਤੀ ਹੋਣ ਦੀ ਸਿਖਲਾਈ ਪ੍ਰਾਪਤ ਕਰਨ ਲਈ ਮਾਈ ਭਾਗੋ ਆਰਮਡ ਫੋਰਸ ਇੰਸਟੀਚਿਊਟ ਵਿੱਚ ਦਾਖਲੇ ਲਈ ਚੁਣੀ ਗਈ



ਤਿਮਾਹੀ (ਅਪ੍ਰੈਲ-ਜੂਨ 2016) ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਬਲਬੀਰ ਸਿੰਘ ਸੈਣੀ
ਜਨਰਲ ਸਕੱਤਰ

## ੳ. ਸਾਲਾਨਾ ਸੈਣੀ ਸੰਮੇਲਨ-

ਸੈਣੀ ਭਵਨ ਰੋਪੜ ਦਾ 34ਵਾਂ ਸਾਲਾਨਾ ਸੰਮੇਲਨ 2 ਅਪ੍ਰੈਲ 2016 ਨੂੰ ਸੈਣੀ ਭਵਨ ਦੇ ਹਾਲ ਵਿੱਚ ਕਰਵਾਇਆ ਗਿਆ ਜਿਸ ਵਿੱਚ ਕੁਰੂਕਸ਼ੇਤਰ(ਹਰਿਆਣਾ)ਦੇ ਲੋਕ ਸਭਾ ਮੈਂਬਰ ਸ੍ਰੀ ਰਾਜ ਕੁਮਾਰ ਸੈਣੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਹਰਿਆਣਾ ਤੋਂ ਸਾਬਕਾ ਵਿਧਾਇਕ ਸ੍ਰੀ ਰੋਸ਼ਨ ਲਾਲ ਆਰੀਆ ਗੁੱਜਰ,ਐਡਵੋਕੇਟ ਪਵਨ ਸੈਣੀ ਹਿਸਾਰ ਤੇ ਪੰਚਕੂਲਾ ਤੋਂ ਇੰਜ.ਭਗਵਾਨ ਸਿੰਘ ਵੀ ਉਨ੍ਹਾਂ ਦੇ ਨਾਲ ਸਨ।ਮੁੱਖ ਮਹਿਮਾਨ ਜੀ ਨੇ ਆਪਣੇ ਜੋਸ਼ੀਲੇ ਭਾਸ਼ਣ ਵਿੱਚ ਸੈਣੀ ਬਰਾਦਰੀ ਨੂੰ ਆਪਣੀ ਹੋਂਦ ਬਣਾਏ ਰੱਖਣ ਲਈ ਏਕਤਾ ਕਰ ਤੇ ਜ਼ੋਰ ਦਿੱਤਾ।ਉਨ੍ਹਾਂ ਨੇ ਜਿੱਥੇ ਪੰਜਾਬ ਦੀ ਸੈਣੀ ਬਰਾਦਰੀ ਦੇ ਗਰੀਬ ਲੋਕਾਂ ਲਈ ਪਛੜੀਆਂ ਸ਼੍ਰੇਣੀਆਂ ਵਾਲੇ ਲਾਭ ਦੇਣ ਦੀ ਮੰਗ ਕੀਤੀ ਉੱਥੇ ਹਰਿਆਣਾ ਦੇ ਜਾਟਾਂ ਵਲੋਂ ਡੰਡੇ ਦੇ ਜ਼ੋਰ ਨਾਲ ਲਏ ਇਸ ਲਾਭ ਦਾ ਸਖ਼ਤ ਵਿਰੋਧ ਕੀਤਾ।ਸੈਣੀ ਸਾਹਿਬ ਨੇ ਕਿਹਾ ਕਿ ਉਹ ਜਾਟਾਂ ਨੂੰ ਮਿਲੀ ਰਿਜ਼ਰਵੇਸ਼ਨ ਨੂੰ ਸੁਪਰੀਮ ਕੋਰਟ ਵਿੱਚ ਚੈਲੰਜ ਕਰਨਗੇ।ਉਨ੍ਹਾ ਨੇ ਜਾਟ ਅੰਦੋਲਨ ਦੌਰਾਨ ਲੋਕਾਂ ਦੇ ਹੋਏ ਜਾਨੀ ਤੇ ਮਾਲੀ ਨੁਕਸਾਨ ਚਿੰਤਾ ਪ੍ਰਗਟ ਕੀਤੀ।ਮੁੱਖ ਮਹਿਮਾਨ ਜੀ ਨੇ ਸੈਣੀ ਭਵਨ ਰੋਪੜ ਦੁਆਰਾ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਸ ਵਿੱਚ ਚੱਲਦੇ ਵਿਕਾਸ ਕਾਰਜਾਂ ਲਈ ਆਪਣੇ ਐੱਮ.ਪੀ.ਫੰਡ ਵਿੱਚੋਂ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਮੁੱਖ ਮਹਿਮਾਨ ਨੇ ਵਿਸ਼ੇਸ਼ ਤੌਰ 'ਤੇ ਸੈਣੀ ਭਵਨ ਦੇ ਚੇਅਰਮੈਨ ਸ੍ਰੀ ਐਲ.ਆਰ.ਮੁੰਦਰਾ ਜੀ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਬਰਾਦਰੀ ਦੇ ਹੋਣਹਾਰ ਵਿਅਕਤੀਆਂ ਨੂੰ ਉੱਚ-ਸਿੱਖਿਆ ਤੇ ਖੋਜ ਕਾਰਜਾਂ ਲਈ ਉਤਸ਼ਾਹਿਤ ਕਰਨ ਦੇ ਮੰਤਵ ਨਾਲ 25000 ਰੁਪਏ ਮਾਸਿਕ ਵਜ਼ੀਫਾ ਦੇਣ ਹਿਤ ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ (ਰਜਿ.) ਨੂੰ 60 ਲੱਖ ਰੁਪਏ ਦਾਨ ਕੀਤੇ ਹਨ।ਇਸ ਸਮੇ ਸ੍ਰੀ ਚਰਨਜੀਤ ਚੰਨੀ ਸਾਬਕਾ ਐੱਮ.ਪੀ.ਨੇ ਆਪਣੇ ਬਣਦੇ ਹੱਕ ਲੈਣ ਲਈ ਸੈਣੀ ਬਰਾਦਰੀ ਦੇ ਲੋਕਾਂ ਨੂੰ ਆਪਣੀ ਏਕਤਾ ਦਾ ਮੁਜ਼ਾਹਰਾ ਕਰਨ ਦੀ ਬੇਨਤੀ ਕੀਤੀ।ਇਸ ਸਮਾਰੋਹ ਨੂੰ ਸ੍ਰੀ ਕਮਲ ਸੈਣੀ ਸਾ.ਐੱਮ.ਪੀ.,ਸ੍ਰੀ ਜਸਰਾਜ ਜੱਸੀ ਅਤੇ ਲੁਧਿਆਣਾ ਤੋਂ ਆਏ ਸ੍ਰੀ ਪ੍ਰਦੀਪ ਸੈਣੀ ਨੇ ਵੀ ਸੰਬੋਧਿਤ ਕੀਤਾ।ਸੈਣੀ ਭਵਨ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਸੰਸਥਾ ਦੀਆਂ ਦੀਆਂ ਗਤੀਵਿਧੀਆਂ ਤੋਂ ਹਾਜ਼ਰੀਨ ਨੂੰ ਜਾਣੂ ਕਰਵਾਇਆ ਅਤੇ ਸਭ ਨੂੰ ਜੀ ਆਇਆਂ ਆਖਿਆ।ਸੈਣੀ ਭਵਨ ਦੇ ਜਨਰਲ ਸਕੱਤਰ ਸ.ਬਲਬੀਰ ਸਿੰਘ ਸੈਣੀ ਨੇ ਸੰਸਥਾ ਦੀ ਸਾਲਾਨਾ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਅਤੇ ਚੇਅਰਮੈਨ ਸ੍ਰੀ ਐੱਲ.ਆਰ.ਮੁੰਦਰਾ ਨੇ ਸਾਰੇ ਹਾਜ਼ਿਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।ਇਸ ਸਮਾਗਮ ਦੌਰਾਨ ਹੇਠ ਲਿਖੇ ਕਾਰਜ ਕੀਤੇ ਗਏ:-

**ਮੈਗਜ਼ੀਨ ਰਿਲੀਜ਼-** ਮੁੱਖ ਮਹਿਮਾਨ ਜੀ ਨੇ ਆਪਣੇ ਸਾਥੀਆਂ,ਐੱਸ.ਡੀ.ਐੱਮ.ਰੂਪਨਗਰ ਸ.ਤੇਜਦੀਪ ਸਿੰਘ ਸੈਣੀ,ਡਾ.ਜਸਵੰਤ ਕੌਰ ਸੈਣੀ ਅਤੇ ਸੈਣੀ ਭਵਨ ਦੇ ਹੋਰ ਪ੍ਰਬੰਧਕਾਂ ਦੀ ਮੌਜੂਦਗੀ ਵਿੱਚ ਇਸ ਸੰਸਥਾ ਦੇ ਤਿਮਾਹੀ ਮੈਗਜ਼ੀਨ ਦੇ 21ਵੇਂ ਅੰਕ ਨੂੰ ਰਿਲੀਜ਼ ਕੀਤਾ।ਸਾਰੇ ਮਹਿਮਾਨਾਂ ਅਤੇ ਹਾਜ਼ਿਰ ਪਤਵੰਤੇ ਸੱਜਣਾਂ ਨੇ ਸੈਣੀ ਭਵਨ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਇਸ ਦੀ ਕਾਮਯਾਬੀ ਲਈ ਹਰ ਸੰਭਵ ਯੋਗਦਾਨ ਦੇਣ ਦਾ ਐਲਾਨ ਕੀਤਾ।ਇਸ ਸਮੇਂ ਮੈਗਜ਼ੀਨ ਦੇ ਦਰਜਨਾਂ ਨਵੇਂ ਮੈਂਬਰ ਬਣੇ ਅਤੇ ਆਪਣੀ ਮੈਂਬਰਸ਼ਿਪ ਵਧਾਈ।

**ਸਿਰਕੱਢ ਸਖਸ਼ੀਅਤਾਂ ਦਾ ਸਨਮਾਨ :** ਇਸ ਸਮੇਂ ਬਰਾਦਰੀ ਦੀਆਂ ਸਫ਼ਲ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਸਮਾਜ,ਬਰਾਦਰੀ ਤੇ ਸੈਣੀ ਭਵਨ ਦੀ ਬਿਹਤਰੀ ਲਈ ਵਰਣਨਯੋਗ ਕੰਮ ਕੀਤੇ ਹਨ।ਇਨ੍ਹਾਂ ਵਿੱਚ ਪ੍ਰਿੰਸੀਪਲ ਸੁਰਮੁਖ ਸਿੰਘ (ਬੇਲਾ ਕਾਲਜ), ਪ੍ਰਿੰਸੀਪਲ ਦਰਸ਼ਨਜੀਤ ਸਿੰਘ (ਚੰਡੀਗੜ੍ਹ), ਖੂਨਦਾਨੀ ਤਰਸੇਮ ਸੈਣੀ (ਨੰਗਲ), ਨਾਇਬ ਤਹਿਸੀਲਦਾਰ ਸਰਬਜੀਤ ਸਿੰਘ (ਹਵੇਲੀ ਕਲਾਂ), ਯੂਥ ਕੋਆਰਡੀਨੇਟਰ ਸ੍ਰੀ ਸੁਰਿੰਦਰ ਸੈਣੀ, ਪ੍ਰੋ. ਮਲਕੀਅਤ ਸਿੰਘ (ਮਹਿਤਪੁਰ), ਸ.ਸੁਰਿੰਦਰ ਸਿੰਘ (ਸੈਣੀ ਭਵਨ ਰੋਪੜ) ਅਤੇ ਮੈਗਜ਼ੀਨ ਦੀ ਪ੍ਰਸ਼ਨੋਤ੍ਰੀ ਦੇ ਜੇਤੂ-ਸ੍ਰੀਮਤੀ ਗੁਰਵਿੰਦਰ ਕੌਰ (ਰੋਪੜ ਸ਼ਹਿਰ), ਕੁ. ਜਸਵਿੰਦਰ ਕੌਰ (ਸ਼ੇਖੂਪੁਰ), ਕੁ. ਜਸਪ੍ਰੀਤ ਕੌਰ (ਸੁਖਰਾਮ ਪੁਰ) ਤੇ ਸ. ਨਿਰਮੋਲਕ ਸਿੰਘ (ਮੋਹਾਲੀ) ਸ਼ਾਮਿਲ ਹਨ। ਸੈਣੀ ਭਵਨ ਦੇ ਉੱਪ-ਪ੍ਰਧਾਨ ਸ.ਗੁਰਮੁਖ ਸਿੰਘ ਲੌਂਗੀਆ ਨੇ ਇਸ ਰਸਮ ਨੂੰ ਸਫ਼ਲਤਾਪੂਰਬਕ ਨੇਪਰੇ ਚਾੜ੍ਹਿਆ।

**ਸਰਟੀਫ਼ੀਕੇਟ ਵਿਤ੍ਰਣ :** ਇਸ ਮੌਕੇ ਸੈਣੀ ਭਵਨ ਰੋਪੜ ਵਿੱਚ ਚੱਲਦੇ ਸਿਲਾਈ-ਕਢਾਈ ਸਕੂਲ ਵਿੱਚੋਂ ਸਫਲਤਾ ਪੂਰਬਕ ਕੋਰਸ ਪੂਰਾ ਕਰਨ ਵਾਲੀਆਂ 9 ਸਿਖਿਆਰਥਣਾਂ ਨੂੰ ਸਰਟੀਫੀਕੇਟ ਦਿੱਤੇ ਗਏ।ਇਹ ਰਸਮ ਸ੍ਰੀ ਹਰਬੰਸ ਸਿੰਘ ਰਿਟਾ.ਚੀਫ਼ ਇੰਜਨੀਅਰ,ਠੇਕੇਦਾਰ ਗੁਰਮੀਤ ਸਿੰਘ ਜਟਾਣਾ ਅਤੇ ਸ.ਤਰਲੋਚਨ ਸਿੰਘ ਸੈਣੀ(ਦਸੂਹਾ) ਨੇ ਆਪਣੇ ਕਰ ਕਮਲਾਂ ਨਾਲ ਪੂਰੀ ਕੀਤੀ।ਸ.ਅਮਰਜੀਤ ਸਿੰਘ ਟਰੱਸਟੀ ਨੇ ਇਹ ਰਸਮ ਸੰਪਨ ਕਰਵਾਈ।

**ਮਤੇ :** ਇਸ ਸਮੇਂ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਪ੍ਰਬੰਧਕੀ ਢਿੱਲ ਕਾਰਨ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਅਤੇ ਸਮੱਸਿਆਵਾਂ ਪ੍ਰਤਿ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਹੇਠ ਲਿਖੇ ਮਤੇ ਪੇਸ਼ ਕਰ ਕੇ ਪਾਸ ਕਰਵਾਏ

ਗਏ। ਇਹ ਕੰਮ ਸੈਣੀ ਭਵਨ ਰੋਪੜ ਦੇ ਉਪ-ਪ੍ਰਧਾਨ ਇੰਜ.ਕਰਨੈਲ ਸਿੰਘ ਨੇ ਪੂਰੀ ਸਫ਼ਲਤਾ ਨਾਲ ਨੇਪਰੇ ਚਾੜ੍ਹਿਆ।

1. ਭਾਰਤ ਇੱਕ ਵਿਸ਼ਾਲ ਦੇਸ਼ ਹੈ ਜਿਸ ਵਿੱਚ ਭਿੰਨ-ਭਿੰਨ ਧਰਮਾਂ,ਬੋਲੀਆਂ ਤੇ ਰੀਤੀ-ਰਿਵਾਜਾਂ ਵਾਲੇ ਲੋਕ ਵਸਦੇ ਹਨ। ਇਸ ਕਾਰਨ ਹੀ ਆਜ਼ਾਦ ਭਾਰਤ ਦੇ ਸੰਵਿਧਾਨ ਨੇ ਹਰ ਨਾਗਰਿਕ ਨੂੰ ਕੋਈ ਵੀ ਧਰਮ ਮੰਨਣ ਅਤੇ ਆਪਣੇ ਵਿਚਾਰ ਬੇਖੌਫ਼ ਪ੍ਰਗਟ ਕਰਨ ਦੀ ਆਜ਼ਾਦੀ ਦਿੱਤੀ ਹੈ। ਪਿਛਲੇ ਕੁੱਝ ਸਮੇਂ ਦੌਰਾਨ ਦੇਸ਼ ਵਿੱਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਤੋਂ ਅਸਹਿਨਸ਼ੀਲਤਾ ਅਤੇ ਧਾਰਮਿਕ ਕੱਟੜਤਾ ਦੀ ਝਲਕ ਪੈਂਦੀ ਹੈ। ਭਾਵੇਂ ਇਹ ਸਚਾਈ ਹੈ ਕਿ ਪਿਛਲੀਆਂ ਸਦੀਆਂ ਦੌਰਾਨ ਇਸ ਦੇਸ਼ ਵਿੱਚ ਧਾਰਮਿਕ ਤੇ ਸਮਾਜਿਕ ਖ਼ੇਤਰਾਂ ਵਿੱਚ ਬਹੁਤ ਕੁੱਝ ਅਜਿਹਾ ਵਾਪਰਿਆ ਜੋ ਠੀਕ ਨਹੀਂ ਸੀ ਪਰੰਤੂ ਉਹ ਹੁਣ ਇਤਿਹਾਸ ਬਣ ਚੁੱਕਾ ਹੈ। ਵਰਤਮਾਨ ਸਮੇਂ ਵਿੱਚ ਉਨ੍ਹਾਂ ਦੁਖਦਾਈ ਘਟਨਾਵਾਂ ਨੂੰ ਬਦਲੇ ਦੀ ਭਾਵਨਾ ਅਧੀਨ ਪ੍ਰਤਿਕਿਆਵਾਦੀ ਕਿਰਿਆਵਾਂ ਕਰਕੇ ਨਹੀਂ ਬਦਲਿਆ ਜਾਣਾ ਬਣਦਾ। ਇਹ ਇਤਿਹਾਸ ਨੂੰ ਪੁੱਠਾ ਗੇੜ ਦੇਣ ਦੇ ਸਮਾਨ ਹੋਵੇਗਾ। ਇਹ ਪਿਛਾਂਹ-ਖਿੱਚੂ ਰੁਝਾਨ ਦੇਸ਼ ਲਈ ਘਾਤਕ ਹੋ ਸਕਦਾ ਹੈ। ਇਸ ਨੂੰ ਰੋਕ ਕੇ ਦੇਸ਼ ਨੂੰ ਵਿਕਾਸ ਦੇ ਰਾਹ 'ਤੇ ਤੋਰਨ ਦੀ ਆਵਸ਼ਕਤਾ ਹੈ।

2. ਦੇਸ਼ ਦੇ ਸੰਵਿਧਾਨ ਵਿੱਚ ਵਿਧਾਨ-ਘਾੜਨੀ(ਪਾਰਲੀਮੈਂਟ ਤੇ ਅਸੈਂਬਲੀਆਂ),ਕਾਰਜਕਾਰਨੀ ਅਤੇ ਨਿਆਂ-ਪਾਲਿਕਾ ਦੇ ਵੱਖਰੇ-ਵੱਖਰੇ ਕੰਮ ਅਤੇ ਅਧਿਕਾਰ ਨਿਸ਼ਚਿਤ ਕੀਤੇ ਹੋਏ ਹਨ। ਇਨ੍ਹਾਂ ਦੇ ਸੰਤੁਲਨ ਤੇ ਤਾਲਮੇਲ ਨਾਲ ਹੀ ਦੇਸ਼ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਇਆ ਜਾ ਸਕਦਾ ਹੈ। ਹੁਣ ਕੁੱਝ ਸਮੇਂ ਤੋਂ ਲੋਕਾਂ ਦੇ ਚੁਣੇ ਹੋਏ ਨੁਮਾਂਇੰਦਿਆਂ ਨੇ ਕਾਰਜਕਾਰਨੀ ਦੇ ਕੰਮਾਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਕਰਨੀ ਆਰੰਭ ਦਿੱਤੀ ਹੈ। ਇਸ ਨਾਲ ਅਧਿਕਾਰੀ ਲਾਪ੍ਰਵਾਹ, ਕ੍ਰਿਆਹੀਣ, ਲਾਚਾਰ, ਨਿਰਬਲ ਤੇ ਹੱਥਲ ਹੋਣ ਲਗ ਪਏ ਹਨ। ਅਜਿਹੇ ਹੀ ਚਾਪਲੂਸ ਤੇ ਭ੍ਰਿਸ਼ਟ ਅਧਿਕਾਰੀ ਰਾਜਨੀਤਿਕ ਸਰਪ੍ਰਸਤੀ ਅਧੀਨ ਆਪਣੇ ਵਿਰੁੱਧ ਹੋਣ ਵਾਲੀ ਅਨੁਸ਼ਾਸਨੀ ਕਾਰਵਾਈ ਤੋਂ ਵੀ ਬਚ ਨਿਕਲਦੇ ਹਨ। ਇਸ ਕਾਰਨ ਰਾਜਪ੍ਰਬੰਧ ਵਿੱਚ ਖ਼ਲਾਅ ਪੈਦਾ ਹੋਣ ਲੱਗਾ ਹੈ। ਹਰਿਆਣਾ ਰਾਜ ਵਿੱਚ ਹੁਣੇ-ਹੁਣੇ ਜਾਟ-ਅੰਦੋਲਨ ਦੌਰਾਨ ਵਾਪਰੀਆਂ ਦੁਖਦਾਈ ਘਟਨਾਵਾਂ ਇਸ ਮਾੜੇ ਰੁਝਾਨ ਦਾ ਹੀ ਨਤੀਜਾ ਹੈ। ਇਸ ਲਈ ਲੋੜ ਹੈ ਕਿ ਅਧਿਕਾਰੀਆਂ ਨੂੰ ਨਿਯਮਾਂ ਅਨੁਸਾਰ ਕੰਮ ਕਰਨ ਦੀ ਖੁਲ੍ਹ ਦਿੱਤੀ ਜਾਵੇ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਣਗਹਿਲੀ ਤੇ ਢਿੱਲਮੱਠ ਕਰਨ ਵਾਲੇ ਅਧਿਕਾਰੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ।

3. ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਆਪਣੇ ਦੇਸ਼ ਵਿੱਚ ਢੁਕਵੀਂ ਰੁਜ਼ਗਾਰ ਨਾ ਮਿਲਣ ਕਾਰਨ ਬਾਹਰਲੇ ਦੇਸ਼ਾਂ ਵਿੱਚ ਜਾਣ ਲਈ ਮਜਬੂਰ ਹੁੰਦੇ ਹਨ। ਬਾਹਰ ਜਾਣ ਲਈ ਉਹ ਗ਼ੈਰਕਾਨੂੰਨੀ ਅਤੇ ਕਈ ਵੇਰ ਅਤਿ ਦੇ ਜ਼ਲੀਲਭਰੇ ਢੰਗ-ਤਰੀਕੇ ਵੀ ਅਪਣਾਉਂਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਦੂਜੇ ਦੇਸ਼ਾਂ ਵਿੱਚ ਬਾਜ਼ਾਰਾਂ ਅਤੇ ਚੌਂਕਾਂ ਵਿੱਚ ਖੜ੍ਹ ਕੇ ਮਜ਼ਦੂਰੀ ਲਈ ਵੀ ਭਟਕਦੇ ਫਿਰਦੇ ਹਨ। ਇਸ ਨਾਲ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੀ ਬਦਨਾਮੀ ਹੁੰਦੀ ਹੈ। ਅਜੇ ਥੋੜ੍ਹੇ ਦਿਨ ਪਹਿਲਾਂ ਬੈਲਜ਼ੀਅਮ ਦੇਸ਼ ਵਿੱਚ ਵਾਪਰੀ ਘਟਨਾ ਅਤਿ ਅਫ਼ਸੋਸਨਾਕ ਤੇ ਨਮੋਸ਼ੀਭਰਪੂਰ ਹੈ ਜਦੋਂ 25 ਪੰਜਾਬੀ ਸਿੱਖ ਇੱਕ ਟਰੱਕ ਵਿੱਚ ਪਿੰਜਰਾ-ਨੁਮਾਂ ਬਕਸੇ ਵਿੱਚ ਬੰਦ ਹੋ ਕੇ ਬਾਰਡਰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਪਕੜੇ ਗਏ। ਇਨ੍ਹਾਂ ਵਿੱਚ ਦੋ ਸਾਲ ਦੇ ਬੱਚੇ ਤੋਂ ਲੈ ਕੇ 88 ਸਾਲ ਦੇ ਬਜ਼ੁਰਗ ਵੀ ਸ਼ਾਮਿਲ ਸਨ। ਪੰਜਾਬੀ ਕੌਮ ਨੂੰ ਅਜਿਹੀ ਦੁਰਦਸ਼ਾ ਤੋਂ ਬਚਾਉਣ ਲਈ ਦੇਸ਼ ਵਿੱਚ ਹੀ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕੀਤੇ ਜਾਣ।

4. ਭਾਰਤ ਦੇਸ਼ ਵਿੱਚ ਕਈ ਜਾਤਾਂ ਅਤੇ ਕਬੀਲੇ ਇਹੋ ਜਿਹੇ ਹਨ ਜੋ ਕਿਸੇ ਜਾਤੀ ਵਿਤਕਰੇ ਜਾਂ ਇਲਾਕਾਈ ਪਿਛੜੇਵੇਂ ਕਾਰਨ ਕਮਾਈ-ਸਾਧਨਾਂ ਤੋਂ ਵਾਂਝੇ ਰਹਿਣ ਨਾਲ ਸਦੀਆਂ ਤੋਂ ਆਰਥਿਕ ਤੌਰ 'ਤੇ ਪਛੜੇ ਚਲੇ ਆ ਰਹੇ ਹਨ। ਉਹ ਸਿੱਖਿਆ ਪੱਖੋਂ ਵੀ ਕਮਜ਼ੋਰ ਰਹਿ ਗਏ ਹਨ। ਇਸ ਲਈ ਸਮਾਜਿਕ ਤੇ ਰਾਜਨੀਤਿਕ ਖੇਤਰਾਂ ਵਿੱਚ ਦੂਜੀਆਂ ਰੱਜੀਆਂ-ਪੁੱਜੀਆਂ ਜਾਤਾਂ ਦੇ ਲੋਕਾਂ ਨਾਲ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਹਨ। ਇਨ੍ਹਾਂ ਨੂੰ ਸਮਾਜਿਕ ਨਿਆਂ ਦੇਣ ਲਈ ਹਰ ਖੇਤਰ ਵਿੱਚ ਰਿਜ਼ਰਵੇਸ਼ਨ ਦੇਣ ਦੀ ਜ਼ਰੂਰਤ ਹੈ। ਅਜਿਹੇ ਲੋਕਾਂ ਵਿੱਚ ਸੈਣੀ ਵੀ ਸ਼ਾਮਿਲ ਹਨ ਜੋ ਕਿ ਅਣਥੱਕ ਮਿਹਨਤ ਦੇ ਬਾਵਜ਼ੂਦ ਅਜੇ ਪਛੜੇ ਹੋਏ ਹਨ। ਉਨ੍ਹਾਂ ਦੀ ਇਸ ਸਥਿਤੀ ਦੇ ਮੱਦੇਨਜ਼ਰ ਕੇਂਦਰੀ ਸਰਕਾਰ ਨੇ ਸੈਣੀ ਬਰਾਦਰੀ ਦੇ ਗਰੀਬ ਲੋਕਾਂ ਨੂੰ ਪਛੜੀ ਸ਼੍ਰੇਣੀਆਂ ਨੂੰ ਮਿਲਦੀਆਂ ਸਹੂਲਤਾਂ ਦਿੱਤੀਆਂ ਹੋਈਆਂ ਹਨ। ਪ੍ਰੰਤੂ ਪੰਜਾਬ ਸਰਕਾਰ ਨੇ ਸਾਲ 2009 ਵਿੱਚ ਇਹ ਲਾਭ ਦੇ ਕੇ ਕੁੱਝ ਕੁ ਧਨਾਢਾਂ ਦੀ ਸਲਾਹ 'ਤੇ ਵਾਪਿਸ ਲੈ ਲਿਆ ਸੀ। ਬਰਾਦਰੀ ਦੀ ਮੰਗ ਹੈ ਕਿ ਗਰੀਬ ਸੈਣੀ ਲੋਕਾਂ ਦੇ ਨੌਜਵਾਨਾਂ ਨੂੰ ਉੱਚ-ਸਿੱਖਿਆ ਸੰਸਥਾਵਾਂ ਵਿੱਚ ਦਾਖ਼ਲੇ ਲੈਣ ਅਤੇ ਨੌਕਰੀਆਂ ਲੈਣ ਦੇ ਯੋਗ ਬਣਾਉਣ ਲਈ ਉਨ੍ਹਾਂ ਨੂੰ ਪਛੜੀਆਂ ਸ਼੍ਰੇਣੀਆਂ ਦਾ ਲਾਭ ਦਿੱਤਾ ਜਾਵੇ।

5. ਸੈਣੀ ਬਰਾਦਰੀ ਨੇ ਦੇਸ਼ ਅਤੇ ਕੌਮ ਦੀ ਅਥਾਹ ਸੇਵਾ ਕੀਤੀ ਹੈ। ਆਜ਼ਾਦੀ ਲਈ ਘੋਲ ਸਮੇਂ ਇਸ ਬਰਾਦਰੀ ਦੇ ਲੋਕਾਂ ਨੇ ਆਪਣਾ ਖ਼ੂਨ ਵਹਾਇਆ ਹੈ। ਪੰਜਾਬ ਵਿੱਚ ਇਸ ਦੀ ਆਬਾਦੀ 10% ਦੇ ਲਗਭਗ ਹੈ। ਕੁੱਝ ਅਸੈਂਬਲੀ ਹਲਕਿਆਂ ਵਿੱਚ ਤਾਂ ਇਹ ਬਹੁ-ਗਿਣਤੀ ਵਿੱਚ ਹਨ। ਇਸ ਦੇ ਬਾਵਜ਼ੂਦ ਰਾਜਨੀਤਿਕ ਖੇਤਰ ਵਿੱਚ ਇਸ ਬਰਾਦਰੀ ਦੀ ਪ੍ਰਤਿਨਿਧਤਾ ਨਾਮਾਤਰ ਹੈ। ਇਸ ਤੋਂ ਇਲਾਵਾ ਕਾਰਪੋਰੇਸ਼ਨਾਂ,ਬੋਰਡਾਂ ਤੇ ਭਿੰਨ-ਭਿੰਨ ਕਮੇਟੀਆਂ ਦੇ ਮੈਂਬਰ ਤੇ ਚੇਅਰਮੈਨ ਨਾਮੀਨੇਟ ਕਰਨ ਸਮੇਂ ਵੀ ਸੈਣੀ ਵਿਅਕਤੀਆਂ ਨੂੰ ਅਣਗੌਲਿਆ ਜਾਂਦਾ ਹੈ। ਬਰਾਦਰੀ ਦੀ ਮੰਗ ਹੈ ਕਿ ਆਬਾਦੀ ਦੀ ਪ੍ਰਤਿਸ਼ਤਤਾ

ਅਨੁਸਾਰ ਸੈਣੀ ਲੋਕਾਂ ਨੂੰ ਪਾਰਲੀਮੈਂਟ ਤੇ ਅਸੈਂਬਲੀ ਚੋਣਾਂ ਸਮੇਂ ਟਿਕਟਾਂ ਦਿੱਤੀਆਂ ਜਾਣ ਅਤੇ ਇਸ ਦੇ ਯੋਗ ਵਿਅਕਤੀਆਂ ਨੂੰ ਜ਼ਿੰਮੇਵਾਰ ਅਹੁਦਿਆਂ ਲਈ ਨਾਮੀਨੇਟ ਕੀਤਾ ਜਾਵੇ।

6. ਪੰਜਾਬ ਵਿੱਚ ਵਿਆਹ ਬਹੁਤ ਖਰਚੀਲੇ ਹੋ ਗਏ ਹਨ। ਇਸ ਤੋਂ ਇਲਾਵਾ ਵਿਆਹ ਸਮੇਂ ਡੀ.ਜੇ. ਨਾਲ ਆਵਾਜ਼-ਪ੍ਰਦੂਸ਼ਣ ਕੀਤਾ ਜਾਂਦਾ ਹੈ ਅਤੇ ਅਸ਼ਲੀਲ ਗਾਣੇ ਗਾ ਕੇ ਸਮਾਜ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਅਮੀਰ ਲੋਕਾਂ ਦੀ ਰੀਸ ਨਾਲ ਗਰੀਬ ਵੀ ਫ਼ੋਕੀ ਸ਼ਾਨ ਖਾਤਿਰ ਕਰਜ਼ਈ ਹੋ ਜਾਂਦੇ ਹਨ ਅਤੇ ਕਰਜ਼ਾ ਨਾਂ ਉਤਾਰ ਸਕਣ ਦੀ ਸੂਰਤ ਵਿੱਚ ਕਈ ਵੇਰ ਤਾਂ ਖੁਦਕਸ਼ੀ ਦੀ ਨੌਬਤ ਵੀ ਆ ਜਾਂਦੀ ਹੈ। ਇਸ ਲਈ ਵਿਆਹਾਂ ਸਮੇਂ ਕੀਤੀ ਜਾ ਰਹੀ ਫ਼ਜ਼ੂਲਖਰਚੀ ਨੂੰ ਤੁਰੰਤ ਬੰਦ ਕਰਨ ਦੀ ਜ਼ਰੂਰਤ ਹੈ। ਇਸ ਕੰਮ ਵਿੱਚ ਪਹਿਲ ਬਰਾਦਰੀ ਦੇ ਖਾਂਦੇ-ਪੀਂਦੇ ਲੋਕਾਂ ਨੂੰ ਕਰਨੀ ਚਾਹੀਦੀ ਹੈ।

7. ਪੰਜਾਬ ਦੇ ਨੌਜਵਾਨ ਆਪਣੇ ਸੁਡੌਲ ਸਰੀਰਾਂ ਤੇ ਤਾਕਤਵਰ ਡੌਲਿਆਂ ਲਈ ਜਾਣੇ ਜਾਂਦੇ ਸਨ। ਇਸ ਕਾਰਨ ਪੰਜਾਬੀਆਂ ਨੂੰ ਸੁਰੱਖਿਆ ਸੇਵਾਵਾਂ ਵਿੱਚ ਭਰਤੀ ਲਈ ਪਹਿਲ ਦਿੱਤੀ ਜਾਂਦੀ ਸੀ। ਹੁਣ ਕੁੱਝ ਸਾਲਾਂ ਤੋਂ ਸਾਡੇ ਨੌਜਵਾਨ ਇਸ ਪੱਖ ਤੋਂ ਪਿਛੜਦੇ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਹੈ- ਨਸ਼ਿਆਂ ਦੀ ਵਧਦੀ ਹੋਈ ਬੁਰੀ ਆਦਤ। ਇਸ ਬੁਰਾਈ ਦੇ ਵਧਣ-ਫੁੱਲਣ ਲਈ ਜ਼ਿੰਮੇਵਾਰ ਭਾਵੇਂ ਕੋਈ ਵੀ ਹੋਵੇ ਪ੍ਰੰਤੂ ਇਸ ਦਾ ਨੁਕਸਾਨ ਪੂਰੇ ਪੰਜਾਬੀ ਸਮਾਜ ਨੂੰ ਭੁਗਤਣਾ ਪੈ ਰਿਹਾ ਹੈ। ਇਸ ਸਮਾਜਿਕ ਬੁਰਾਈ ਨੂੰ ਠੱਲ੍ਹ ਪਾਉਣ ਦੀ ਮੁੱਖ ਜ਼ਿੰਮੇਵਾਰੀ ਤਾਂ ਭਾਵੇਂ ਸਰਕਾਰ ਦੀ ਹੈ ਪ੍ਰੰਤੂ ਮਾਂ-ਬਾਪ ਵੀ ਇਸ ਤੋਂ ਕੰਨੀ ਨਹੀਂ ਕਤਰਾ ਸਕਦੇ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਨੌਜਵਾਨ ਧੀਆਂ-ਪੁੱਤਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ। ਜੇ ਕਿਤੇ ਕੋਈ ਗੜਬੜ ਦਿਸੇ ਤਾਂ ਆਪਣੇ ਅਧਿਕਾਰਾਂ ਦੀ ਵਰਤੋਂ ਤੁਰੰਤ ਲੋੜੀਂਦੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ।

**ਸੱਭਿਆਚਾਰਕ ਪ੍ਰੋਗਰਾਮ :** ਇਸ ਸਮੇਂ ਨਹਿਰੂ ਯੁਵਕ ਕੇਂਦਰ ਰੂਪਨਗਰ ਦੇ ਯੂਥ ਕਲੱਬ ਵਲੋਂ ਸਮਾਜ ਸੁਧਾਰਕ ਨਾਟਕ 'ਸਾਡੀ ਕਿਹੜੀ ਧਰਤ ਵੇ ਲੋਕਾ' ਬਹੁਤ ਹੀ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਨੇ ਸਾਰੇ ਸਰੋਤਿਆਂ ਨੂੰ ਸਮਜ ਵਿੱਚ ਲੜਕੀਆਂ ਨਾਲ ਹੁੰਦੇ ਵਿਤਕਰਿਆਂ ਤੇ ਬੇਇਨਸਾਫੀਆਂ ਪ੍ਰਤਿ ਸੋਚਣ ਲਈ ਮਜ਼ਬੂਰ ਕਰ ਦਿੱਤਾ। ਇਸ ਨਾਟਕ ਦੇ ਡਾਇਰੈਕਟਰ ਅਵਿੰਦਰ ਸਿੰਘ (ਰਾਜੂ) ਜ਼ਿਲ੍ਹਾ ਪ੍ਰਜੈਕਟ ਅਫ਼ਸਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਪੂਰੀ ਟੀਮ ਨੂੰ ਉਤਸਾਹਿਤ ਕਰਨ ਲਈ 2100 ਰੁਪਏ ਇਨਾਮ ਵਜੋਂ ਦਿੱਤੇ ਗਏ। ਸੈਣੀ ਭਵਨ ਦੀਆਂ ਸਿੱਖਿਆਰਥਣਾਂ ਨੇ ਵੀ ਪ੍ਰਭਾਵਸ਼ਾਲੀ ਗਿੱਧਾ-ਭੰਗੜਾ ਪੇਸ਼ ਕੀਤਾ ਗਿਆ ਜਿਸ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ। ਇਨ੍ਹਾਂ ਸਾਰੀਆਂ ਲੜਕੀਆਂ ਨੂੰ ਵੀ ਸਨਮਾਨ-ਚਿੰਨ੍ਹ ਪ੍ਰਦਾਨ ਕੀਤੇ ਗਏ। ਰੋਪੜ ਸ਼ਹਿਰ ਦੇ ਤੰਬੜ ਪਰਿਵਾਰ ਦੇ ਕਾਕਾ ਰਹਿਤਵੀਰ ਸਿੰਘ ਨੇ ਆਪਣੇ ਭੰਗੜੇ ਨਾਲ ਸਾਰਿਆਂ ਨੂੰ ਮੰਤਰ-ਮੁਗਧ ਕਰ ਦਿੱਤਾ।

ਸਾਲਾਨਾ ਸੰਮੇਲਨ ਦੇ ਅੰਤ ਵਿੱਚ ਸਾਰੇ ਮਹਿਮਾਨਾਂ ਤੇ ਦਾਨੀ ਵਿਅਕਤੀਆਂ ਨੂੰ ਸਨਮਾਨ-ਚਿੰਨ੍ਹ ਭੇਂਟ ਕੀਤੇ ਗਏ। ਇਸ ਰਸਮ ਨੂੰ ਨੇਪਰੇ ਚਾੜ੍ਹਨ ਵਿੱਚ ਸੈਣੀ ਭਵਨ ਦੇ ਟਰੱਸਟੀਆਂ-ਸ.ਰਾਮ ਸਿੰਘ,ਸ.ਗੁਰਮੁਖ ਸਿੰਘ ਤੇ ਸ.ਟੇਕ ਪਾਲ ਸਿੰਘ ਨੇ ਸਹਿਯੋਗ ਦਿੱਤਾ। ਇਸ ਸਮਾਗਮ ਵਿੱਚ ਪੰਜਾਬ ਦੇ ਭਿੰਨ ਭਿੰਨ ਇਲਾਕਿਆਂ- ਪਟਿਆਲਾ, ਰਾਜਪੁਰਾ, ਡੇਰਾ ਬਸੀ, ਮੋਹਾਲੀ, ਚੰਡੀਗੜ੍ਹ, ਖਰੜ, ਨੰਗਲ, ਬਲਾਚੌਰ, ਨਵਾਂਸ਼ਹਿਰ, ਰਾਹੋਂ, ਲਸਾੜਾ (ਜਲੰਧਰ), ਪੰਜੌੜ (ਹੁਸ਼ਿਆਰਪੁਰ), ਫਗਵਾੜਾ, ਜਲੰਧਰ, ਮਾਹਿਲਪੁਰ, ਲੁਧਿਆਣਾ, ਪਠਾਨਕੋਟ, ਗੁਰਦਾਸ ਤੇ ਪੰਚਕੂਲਾ (ਹਰਿਆਣਾ) ਤੋਂ 400 ਤੋਂ ਵੱਧ ਵਿਅਕਤੀਆਂ ਨੇ ਭਾਗ ਲਿਆ। ਇਨ੍ਹਾਂ ਵਿੱਚ ਸ.ਹਰਭਾਗ ਸਿੰਘ ਸੈਣੀ, ਸ.ਹਰਭਜਨ ਸਿੰਘ ਅਕਬਰਪੁਰ, ਸ਼੍ਰੀਮਤੀ ਪਲਵਿੰਦਰ ਕੌਰ (ਰਾਣੀ), ਸ.ਸਰਦਾਰਾ ਸਿੰਘ, ਸ.ਧਰਮ ਸਿੰਘ (ਮੋਹਾਲੀ), ਸ.ਸੁਰਜੀਤ ਸਿੰਘ ਸੋਇਤਾ, ਸ਼੍ਰੀ ਪ੍ਰਤਾਪ ਸੈਣੀ(ਨੰਗਲ), ਸ਼੍ਰੀ ਦਵਿੰਦਰ ਜਟਾਣਾ, ਸ.ਹਰਵੇਲ ਸਿੰਘ ਗੜ੍ਹਸ਼ੰਕਰ, ਸ.ਜੋਗਿੰਦਰ ਸਿੰਘ (ਨਿਊਜ਼ੀਲੈਂਡ), ਡਾ.ਸੁਖਦੇਵ ਸਿੰਘ (ਬਲਾਚੌਰ), ਸ.ਕਰਨੈਲ ਸਿੰਘ ਤੰਬੜ (ਐਮ.ਸੀ.) ਅਤੇ ਸੈਣੀ ਭਵਨ ਦੇ ਟਰਸਟੀ ਤੇ ਪ੍ਰਬੰਧਕੀ ਮੈਂਬਰ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

**ਵਿਤੀ ਸਹਾਇਤਾ :** ਇਸ ਸਮਾਗਮ ਵਿੱਚ ਕਈ ਦਾਨੀ ਪੁਰਸ਼ਾਂ ਨੇ ਭਿੰਨ ਭਿੰਨ ਮੰਤਵਾਂ ਲਈ ਸੈਣੀ ਭਵਨ ਨੂੰ ਵਿਤੀ ਸਹਾਇਤਾ ਦਿੱਤੀ ਜੋ ਹੇਠ ਪ੍ਰਕਾਰ ਹੈ-

1. ਸ.ਗੁਰਮੀਤ ਸਿੰਘ ਜਟਾਣਾ (ਠੇਕੇਦਾਰ,ਚੰਡੀਗੜ੍ਹ)-ਇੱਕ ਲੱਖ ਰੁਪਏ(ਐਲਾਨ)।

2. ਸ਼੍ਰੀ ਹਰਬੰਸ ਸਿੰਘ (ਰਿਟਾ.ਚੀਫ ਇੰਜਨੀਅਰ)-ਵੀਹ ਹਜ਼ਾਰ ਰੁਪਏ।

3. ਸ.ਭਗਵਾਨ ਸਿੰਘ (ਰਿਟਾ.ਐਕਸੀਅਨ-ਪੰਚਕੂਲਾ)-ਗਿਆਰਾਂ ਹਜ਼ਾਰ ਰੁਪਏ।

4. ਸ.ਟੇਕਪਾਲ ਸਿੰਘ (ਟਰੱਸਟੀ ਸੈਣੀ ਭਵਨ-ਫਰੀਦਾਬਾਦ)-ਗਿਆਰਾਂ ਹਜ਼ਾਰ ਰੁਪਏ-ਵਜ਼ੀਫੇ ਲਈ।

5. ਸ.ਗੁਰਮੁਖ ਸਿੰਘ (ਟਰੱਸਟੀ-ਐਮ.ਸੀ.ਰੋਪੜ)-ਦਸ ਹਜ਼ਾਰ ਰੁਪਏ-ਵਜ਼ੀਫੇ ਲਈ।

6. ਸ਼੍ਰੀਮਤੀ ਕਿਰਪਾਲ ਕੌਰ ਪਤਨੀ ਸਵ: ਸੀ.ਡੀ. ਸੈਣੀ ਰੂਪਨਗਰ -ਪੰਜ ਹਜ਼ਾਰ ਰੁਪਏ-ਵਜ਼ੀਫੇ ਲਈ।

7. ਸ.ਸਰਦਾਰਾ ਸਿੰਘ/ਪਲਵਿੰਦਰ ਕੌਰ (ਠੇਕੇਦਾਰ-ਥਲੀ)-ਇੱਕੀ ਸੌ ਰੁਪਏ।

8. ਐਡਵੋਕੇਟ ਪਵਨ ਸੈਣੀ (ਹਿਸਾਰ-ਚੰਡੀਗੜ੍ਹ)-ਗਿਆਰਾਂ ਸੌ ਰੁਪਏ।

9. ਸ਼੍ਰੀਮਤੀ ਕੌਸ਼ੱਲਿਆ ਦੇਵੀ (ਰੋਪੜ)-ਇੱਕ ਹਜ਼ਾਰ ਰੁਪਏ।

ਸੈਣੀ ਭਵਨ ਦੇ ਟਰੱਸਟੀ(ਪੀ.ਆਰ.ਓ.)ਸ਼੍ਰੀ ਰਾਜਿੰਦਰ ਕੁਮਾਰ ਸੈਣੀ ਨੇ ਬਾਖੂਬੀ ਸਟੇਜ ਦਾ ਸੰਚਾਲਨ ਕੀਤਾ।ਇਸ ਸਮਾਗਮ ਨੂੰ ਪੂਰੀ ਕਾਮਯਾਬੀ ਨਾਲ ਨੇਪਰੇ ਚਾੜ੍ਹਨ ਲਈ,ਟਰੱਸਟੀ-ਕਰਨਲ ਵਿਨੋਦ ਚੌਧਰੀ, ਸ਼੍ਰੀ ਸਤੀਸ਼ ਕੁਮਾਰ ਬੇਲਾ, ਇੰਜ. ਹਰਜੀਤ ਸਿੰਘ, ਇੰਜ. ਰਾਜੀਵ ਸੈਣੀ, ਸ. ਅਜੀਤ ਸਿੰਘ ਕੈਸ਼ੀਅਰ, ਐਡਵੋਕੇਟ ਰਾਵਿੰਦਰ ਮੁੰਦਰਾ ਅਤੇ ਪ੍ਰਬੰਧਕੀ ਕਮੇਟੀ ਮੈਂਬਰਜ਼- ਸ. ਬੀ. ਐਸ. ਪਾਬਲਾ, ਸ. ਗੁਰਦਾਸ ਸਿੰਘ, ਸ. ਰਾਜਿੰਦਰ ਸਿੰਘ, ਸ.ਅਜਮੇਰ ਸਿੰਘ, ਸ.ਗੁਰਚਰਨ ਸਿੰਘ, ਸ.ਸੁਰਿੰਦਰ ਸਿੰਘ, ਸ.ਹਾਕਮ ਸਿੰਘ, ਸ.ਹਰਦੀਪ ਸਿੰਘ (ਮੈਨੇਜਰ), ਸ.ਹਰਜੀਤ ਸਿੰਘ ਗਿਰਨ, ਸ.ਪ੍ਰਿਤਪਾਲ ਸਿੰਘ ਤੇ ਸ.ਅਮਰੀਕ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

(ਅ) ਬਰਾਦਰੀ ਦੀ ਏਕਤਾ ਲਈ ਉਪਰਾਲੇ-ਇਸ ਸਾਲ ਦੇ ਆਰੰਭ ਵਿੱਚ ਹੀ ਜਦੋਂ ਬਰਾਦਰੀ ਦੇ ਰਾਜਨੀਤਿਕ ਨੇਤਾਵਾਂ ਵਿਸ਼ੇਸ਼ ਕਰਕੇ ਸ਼੍ਰੀ ਚਰਨਜੀਤ ਸਿੰਘ ਚੰਨੀ ਤੇ ਸ਼੍ਰੀ ਤਰਸੇਮ ਸੈਣੀ ਨੇ ਏਕਤਾ ਲਈ ਉਪਰਾਲੇ ਆਰੰਭ ਕੀਤੇ ਤਾਂ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਇਸ ਵਿੱਚ ਪੂਰਾ ਸਹਿਯੋਗ ਦੇਣ ਦਾ ਹੁੰਗਾਰਾ ਭਰਿਆ।ਇਸ ਲਈ ਸਭ ਤੋਂ ਪਹਿਲੀ ਮੀਟਿੰਗ ਰੋਪੜ ਵਿਖੇ ਹੀ ਕੀਤੀ ਗਈ।ਇਸ ਤੋਂ ਬਾਅਦ ਚੰਡੀਗੜ੍ਹ ਅਤੇ ਜਲੰਧਰ ਵਿੱਚ ਹੋਈਆਂ ਮੀਟਿੰਗਾਂ ਵਿੱਚ ਵੀ ਸੈਣੀ ਭਵਨ ਦੇ ਮੈਂਬਰਾਂ ਨੇ ਭਾਗ ਲੈ ਕੇ ਆਪਣੇ ਸੁਚਾਰੂ ਸੁਝਾ ਦਿੱਤੇ। ਆਖਿਰ ਨਵਾਂਸ਼ਹਿਰ ਵਿਖੇ 14 ਮਈ 2016 ਨੂੰ ਬਰਾਦਰੀ ਦਾ ਵਿਸ਼ਾਲ ਸਮਾਗਮ ਕਰਨ ਦਾ ਫੈਸਲਾ ਹੋਇਆ ਤਾਂ ਇਸ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ 2000 ਪੋਸਟਰ ਲਗਾਉਣ ਦੀ ਜ਼ਿੰਮੇਵਾਰੀ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਪੂਰੀ ਦਿਆਨਤਦਾਰੀ ਨਾਲ ਨਿਭਾਇਆ। ਇਸ ਮੰਤਵ ਲਈ ਇਸ ਸੰਸਥਾ ਨੇ ਆਪਣੇ ਵਲੋਂ ਵੀ ਵੱਡੇ ਬੈਨਰ ਸ਼ਹਿਰ ਦੀਆਂ ਮਹੱਤਵਪੂਰਨ ਥਾਵਾਂ ਤੇ ਲਗਵਾਏ ਅਤੇ ਭਰਪੂਰ ਪ੍ਰਚਾਰ ਵੀ ਕੀਤਾ।ਸਮਾਗਮ ਵਿੱਚ ਸੈਣੀ ਭਵਨ ਰੋਪੜ ਤੋਂ 50 ਦੇ ਕਰੀਬ ਵਿਅਕਤੀਆਂ ਨੇ ਭਾਗ ਲਿਆ।

ੲ) ਵਿਸ਼ੇਸ਼ ਸਨਮਾਨ : ਸੈਣੀ ਭਵਨ ਦੇ ਪ੍ਰਬੰਧਕ, ਬਰਾਦਰੀ ਦੇ ਲੋਕਾਂ ਵਿੱਚ ਆਪਣੇਪਣ ਦਾ ਅਹਿਸਾਸ ਪੈਦਾ ਕਰਨ ਲਈ ਉਨ੍ਹਾਂ ਸਖਸ਼ੀਅਤਾਂ ਨੂੰ ਇਸ ਸੰਸਥਾ ਵਿੱਚ ਬੁਲਾ ਕੇ ਮਾਣ ਸਤਿਕਾਰ ਵੀ ਦੇਂਦੇ ਹਨ ਜੋ ਸਰਕਾਰੇ ਦਰਬਾਰੇ ਪ੍ਰਭਾਵਸ਼ਾਲੀ ਅਹੁਦਿਆਂ ਤੇ ਤਾਇਨਾਤ ਹਨ। ਇਸ ਪ੍ਰੰਪਰਾ ਅਧੀਨ ਰੂਪਨਗਰ ਜ਼ਿਲ੍ਹੇ ਦੇ ਪਿੰਡ ਡੇਕਵਾਲ ਦੇ ਮੁਢਲੇ ਵਸਨੀਕ ਸ.ਅਮਨਦੀਪ ਸਿੰਘ ਪੁੱਤਰ ਸ.ਤਰਲੋਚਨ ਸਿੰਘ ਸੈਣੀ ਹੁਣ ਵਾਸੀ ਨਾਗਦਾ ਜ਼ਿਲ੍ਹਾ ਉਜੈਨ(ਮੱਧ ਪ੍ਰਦੇਸ਼) ਨੂੰ ਸਨਮਾਨਿਤ ਕੀਤਾ ਗਿਆ।ਇਹ ਵਰਣਨਯੋਗ ਹੈ ਕਿ ਇਹ ਨੌਜਵਾਨ ਟ੍ਰਾਂਸਪੋਰਟਰ ਕੇਂਦਰ ਸਰਕਾਰ ਦੇ ਸਮਾਜਿਕ ਨਿਆਂ ਸਸ਼ਕਤੀਕਰਨ ਮੰਤਰੀ ਸ਼੍ਰੀ ਥਾਵਰ ਚੰਦ ਗਹਿਲੋਤ ਦੇ ਨਿਜੀ ਸਹਾਇਕ(ਪੀ.ਏ.)ਹਨ।ਉਹ ਕਾਮਰਸ ਵਿਸ਼ੇ ਦੇ ਪੋਸਟ ਗ੍ਰੈਜੁਏਟ ਅਤੇ ਕੰਪਿਊਟਰ ਯੋਗਤਾਪ੍ਰਾਪਤ ਹਨ। ਸ.ਅਮਨਦੀਪ ਸਿੰਘ ਵਿਦਿਆਰਥੀ ਜੀਵਨ ਤੋਂ ਹੀ ਭਿੰਨ ਭਿੰਨ ਜਥੇਬੰਦੀਆਂ ਵਿੱਚ ਕੰਮ ਕਰਦੇ ਆ ਰਹੇ ਹਨ ਅਤੇ ਹੁਣ ਵੀ ਬੀ.ਜੇ.ਪੀ.ਦੇ ਯੂਥ ਵਿੰਗ ਦੇ ਨੈਸ਼ਨਲ ਕਮੇਟੀ ਮੈਂਬਰ ਹਨ।

(ਸ) ਵਿਸ਼ੇਸ਼ ਸਿਖਲਾਈ-ਸੈਣੀ ਭਵਨ ਵਿੱਚ ਲੋੜਵੰਦ ਲੜਕੇ-ਲੜਕੀਆਂ ਲਈ ਸਿਲਾਈ-ਕਢਾਈ ਸਕੂਲ, ਕੰਪਿਊਟਰ ਸਿਖਲਾਈ ਸੈਂਟਰ, ਬਿਊਟਿਸ਼ੀਅਨ ਆਰਟ ਸੈਂਟਰ ਤੇ ਫੈਸ਼ਨ ਟੈਕਨਾਲੋਜੀ ਸੈਂਟਰ ਚਲਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਅਤਿ ਆਧੁਨਿਕ ਸਾਮਾਨ ਨਾਲ ਲੇਟੈਸਟ ਸਿਖਲਾਈ ਦਿੱਤੀ ਜਾਂਦੀ ਹੈ।ਇਨ੍ਹਾਂ ਸਿਖਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਦੇ ਮੰਤਵ ਨਾਲ ਅਲੱਗ ਅਲੱਗ ਕੰਮਾਂ ਦੇ ਮਾਹਿਰਾਂ ਨੂੰ ਬੁਲਾ ਕੇ ਸਪੈਸ਼ਲ ਟ੍ਰੇਨਿੰਗ ਵੀ ਕਰਵਾਈ ਜਾਂਦੀ ਹੈ।ਇਸ ਪ੍ਰੋਗਰਾਮ ਅਧੀਨ 29 ਮਈ ਨੂੰ ਸੈਣੀ ਭਵਨ ਵਿੱਚ ਪਿਡੀਲਾਈਟ ਕੰਪਨੀ ਵਲੋਂ 5 ਦਿਨਾਂ ਦੀ ਵਰਕਸ਼ਾਪ ਲਗਾਈ ਗਈ।ਇਸ ਵਿੱਚ 64 ਸਿਖਿਆਰਥਣਾਂ ਨੇ ਭਾਗ ਲਿਆ।ਇਸ ਵਰਕਸ਼ਾਪ ਵਿੱਚ ਚੰਡੀਗੜ੍ਹ ਤੋਂ ਪਹੁੰਚੀ ਮਾਹਿਰ ਅਧਿਆਪਕਾ ਪੂਜਾ ਵਰਮਾ ਨੇ ਫੈਬਰਿਕ ਪੇਂਟਿੰਗ ਤੇ ਜਿਊਲਰੀ ਦੀ ਵਿਸ਼ੇਸ਼ ਸਿਖਲਾਈ ਦਿੱਤੀ।ਇਸ ਵਰਕਸ਼ਾਪ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਣ ਬਦਲੇ ਗੁਰਪ੍ਰੀਤ ਕੌਰ ਨੂੰ ਪਹਿਲਾ,ਮਨਪ੍ਰੀਤ ਕੌਰ ਨੂੰ ਦੂਜਾ ਅਤੇ ਸੁਖਜੀਤ ਕੌਰ ਤੇ ਰੁਪਿੰਦਰ ਕੌਰ ਨੂੰ ਸਾਂਝੇ ਤੌਰ ਤੇ ਤੀਜਾ ਇਨਾਮ ਦਿੱਤਾ ਗਿਆ।

## ਮੌਤ ਦਾ ਤਿਉਹਾਰ

ਸਚਾਈ ਇਹ ਹੈ ਕਿ ਜੋ ਸਹੀ ਵਕਤ 'ਤੇ ਜਿਉਂਦਾ ਨਹੀਂ, ਉਹ ਸਹੀ ਵਕਤ 'ਤੇ ਮਰ ਵੀ ਨਹੀਂ ਸਕਦਾ। ਅਜੇ ਆਦਮੀ ਨੇ ਮੌਤ ਦੇ ਤਿਉਹਾਰ ਨੂੰ ਆਨੰਦ ਨਾਲ ਮਨਾਉਣ ਦੀ ਜਾਚ ਨਹੀਂ ਸਿੱਖੀ। ਮੌਤ ਦਾ ਸਵਾਗਤ ਕਰਦੇ ਹੋਏ ਜਿਉਣ ਦੀ ਕਸਮ ਖਾਓ। ਕਮਜ਼ੋਰ ਬੰਦੇ ਕੋਲ ਮੌਤ ਚੋਰ ਵਾਂਗ ਆਉਂਦੀ ਹੈ ਤੇ ਮਾਲਕ ਵਾਂਗੂੰ ਸ਼ਾਨ ਨਾਲ ਤੁਰੀ ਜਾਂਦੀ ਹੈ। ਮੈਂ ਉਸੇ ਮੌਤ ਨੂੰ ਪਸੰਦ ਕਰਦਾ ਹਾਂ ਜੋ ਆਪਣੀ ਇੱਛਾ ਨਾਲ ਆਵੇ। ਸਭ ਕੁੱਝ ਭੋਗ ਲੈਣ ਤੋਂ ਬਾਅਦ ਇਸ ਗੱਲ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦ ਕਿ ਭੋਗੀਆਂ ਵਸਤੂਆਂ ਤੁਹਾਨੂੰ ਭੋਗਣਾਂ ਸ਼ੁਰੂ ਕਰ ਦੇਣ। ਪੱਕਣ ਦੀ ਰੁੱਤ ਆਉਣ 'ਤੇ ਤਾਂ ਪੱਕ ਜਾਣਾ ਚਾਹੀਦਾ ਹੈ। ਕਾਇਰਾਂ ਵਾਂਗੂੰ ਟਹਿਣੀਆਂ ਨਾਲ ਚਿਪਕੇ ਰਹਿਣਾ ਸਰਾਸਰ ਸ਼ਰਮਨਾਕ ਹੈ। ਆਪਣੇ ਉਦੇਸ਼ ਦੀ ਗੇਂਦ ਵਾਰਸਾਂ ਨੂੰ ਸੌਂਪ ਕੇ ਹੱਸਦਿਆਂ ਹੱਸਦਿਆਂ ਇੱਥੋਂ ਤੁਰ ਜਾਓ।

– ਫ਼ਿਲਾਸਫ਼ਰ ਨਿਤਸ਼ੇ



ਬਹੁਮੁੱਲਾ ਆਮ ਗਿਆਨ

# ਯੁੱਗ ਪਲਟਾਊ - ਇਸਤ੍ਰੀ ਵਿਗਿਆਨੀ

ਮਾਨਵਪ੍ਰੀਤ ਕੌਰ (ਡਾ.)

ਮਨੁੱਖੀ ਇਤਿਹਾਸ ਨਸਲ,ਕੌਮ,ਰੰਗ ਤੇ ਇਲਾਕਾਈ ਵਿਤਕਰਿਆਂ ਨਾਲ ਭਰਿਆ ਪਿਆ ਹੈ।ਇਸ ਦੇ ਬਾਵਜੂਦ ਹਰ ਵਰਗ ਦੇ ਪ੍ਰਤਿਭਾਸ਼ਾਲੀ,ਨਿਸ਼ਠਾਵਾਨ ਤੇ ਸਿਰੜੀ ਵਿਅਕਤੀਆਂ ਨੇ ਮਨੁੱਖੀ ਵਿਕਾਸ ਦੇ ਭਿੰਨ ਭਿੰਨ ਖੇਤਰਾਂ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਇਆ ਹੈ।ਇਸਤ੍ਰੀਆਂ ਨੇ ਵੀ ਆਪਣੀਆਂ ਸਰੀਰਿਕ ਤੇ ਸਮਾਜਿਕ ਮਜ਼ਬੂਰੀਆਂ ਨੂੰ ਦਰਕਿਨਾਰ ਕਰਦਿਆਂ ਵਿਗਿਆਨ ਜਿਹੇ ਗੰਭੀਰ ਤੇ ਕਠਿਨ ਖੋਜ ਕਾਰਜਾਂ ਵਿੱਚ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ ਹੈ।ਅਜਿਹੀਆਂ ਹੀ ਕੁੱਝ ਔਰਤਾਂ ਦੀਆਂ ਘਾਲਣਾਵਾਂ ਦਾ ਇੱਥੇ ਜ਼ਿਕਰ ਕੀਤਾ ਜਾ ਰਿਹਾ ਹੈ।

## ਮਾਰੀਆ ਜਿਓਪਰਟ ਮੇਅਰ (1906-1972)



ਅਮਰੀਕਾ ਦੀ ਇਹ ਵਿਗਿਆਨੀ ਆਪਣੇ ਵਿਸ਼ੇ ਵਿੱਚ ਨੋਬਲ ਇਨਾਮ ਲੈਣ ਵਾਲੀ ਪਹਿਲੀ ਔਰਤ ਸੀ।ਉਸ ਦਾ ਜਨਮ ਤਾਂ ਪੋਲੈਂਡ ਵਿੱਚ ਹੋਇਆ ਪਰੰਤੂ ਪੜ੍ਹਾਈ ਜਰਮਨੀ ਵਿੱਚ ਕੀਤੀ। ਜਰਮਨੀ ਵਿੱਚ ਉਸ ਸਮੇਂ ਦੇ ਭੈੜੇ ਰਾਜਨੀਤਿਕ ਹਾਲਾਤਾਂ ਦੇ ਮੱਦੇਨਜ਼ਰ ਮਾਰੀਆ ਨੂੰ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਚੰਗੀ ਕਿਸਮਤ ਨੂੰ ਉਸ ਦਾ ਪਿਤਾ ਉਸ ਦਾ ਸਹਾਇਕ ਬਣਿਆ ਅਤੇ ਉਸ ਨੇ ਸੰਨ 1930 ਵਿੱਚ ਭੌਤਿਕ ਵਿਗਿਆਨ ਵਿੱਚ ਪੀ.ਐੱਚ.ਡੀ. ਦੀ ਡਿਗਰੀ ਹਾਸਿਲ ਕਰ ਲਈ।ਇਸੇ ਸਾਲ ਉਸ ਦੀ ਸ਼ਾਦੀ ਅਮਰੀਕਨ ਭੌਤਿਕ ਵਿਗਿਆਨੀ ਜੋਏ ਮੇਅਰ ਨਾਲ ਹੋ ਗਈ ਤਾਂ ਉਹ ਅਮਰੀਕਾ ਜਾ ਵਸੇ। ਇਹ ਸਮਾਂ ਅਮਰੀਕਾ ਵਿੱਚ ਵੀ ਵਿਤੀ ਮੰਦਹਾਲੀ(ਗ੍ਰੇਟ ਡਿਪ੍ਰੈਸ਼ਨ)ਦਾ ਸੀ ਜਿਸ ਕਾਰਨ ਨੌਕਰੀ ਲੱਭਣੀ ਅਤਿ ਮੁਸ਼ਕਲ ਸੀ।ਮਾਰੀਆ ਨੂੰ ਤਾਂ ਨਸਲਪ੍ਰਸਤੀ ਪੱਖਪਾਤ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਸੀ।ਫਿਰ ਵੀ ਉਸ ਨੂੰ ਜੌਹਨ ਹਪਕਿਨਜ਼ ਯੂਨੀਵਰਸਿਟੀ ਵਿੱਚ ਬਹੁਤ ਥੋੜ੍ਹੀ ਤਨਖਾਹ ਵਾਲੀ ਵਲੰਟੀਅਰ ਐਸੋਸੀਏਟ ਦੀ ਨੌਕਰੀ ਮਿਲ ਗਈ।ਇਸ ਤੋਂ ਬਾਅਦ ਕਈ ਸਾਲ ਤੱਕ ਮਾਰੀਆ, ਕੋਲੰਬੀਆ ਯੂਨੀਵਰਸਿਟੀ, ਸਾਰਾਹ ਲਾਰਾਂਸ ਕਾਲਿਜ ਸ਼ਿਕਾਗੋ ਯੂਨੀਵਰਸਿਟੀ ਅਤੇ ਐਨਰਿਕੋ ਫਰਮੀ ਇੰਸਟੀਚਿਊਟ ਫਾਰ ਨਿਊਕਲੀਅਰ ਸਟੱਡੀਜ਼ ਵਿੱਚ ਬਿਨਾਂ ਤਨਖਾਹ ਤੋਂ ਪੜ੍ਹਾਉਂਦੀ ਰਹੀ।ਇਸ ਦੇ ਬਾਵਜੂਦ ਮਾਰੀਆ ਨੇ ਢੇਰੀ ਨਹੀਂ ਢਾਹੀ। ਉਹ ਲਗਨ ਤੇ ਮਿਹਨਤ ਨਾਲ ਖੋਜ ਕਾਰਜਾਂ ਵਿੱਚ ਰੁੱਝੀ ਰਹੀ। ਉਸ ਨੇ ਹਾਈਡ੍ਰੋਜਨ ਬੰਬ (ਜੋ ਜਾਪਾਨ ਦੇ ਸ਼ਹਿਰ ਨਾਗਾਸਾਕੀ ਤੇ ਸੁੱਟਿਆ ਗਿਆ ਸੀ)ਤਿਆਰ ਕਰਨ ਸਮੇਂ ਅਮਰੀਕਨ ਭੌਤਿਕ ਵਿਗਿਆਨੀ ਐਡਵਰਡ ਟੇਲਰ ਨਾਲ ਵੀ ਕੰਮ ਕੀਤਾ।ਇਹ ਉਹ ਸਮਾਂ ਸੀ ਜਦੋਂ ਯਹੂਦੀ ਵਿਗਿਆਨੀ ਹਿਟਲਰ ਦੇ ਤਸ਼ੱਦਦ ਤੋਂ ਭੈ ਭੀਤ ਹੋ ਕੇ ਆਪਣਾ ਦੇਸ਼ ਛੱਡ ਕੇ ਅਮਰੀਕਾ ਜਾਣ ਲਈ ਮਜਬੂਰ ਹੋ ਰਹੇ ਸਨ। ਇਸ ਸਥਿਤੀ ਦਾ ਫਾਇਦਾ ਮਾਰੀਆ ਵਰਗੇ ਨੌਜਵਾਨ ਵਿਗਿਆਨੀਆਂ ਨੂੰ ਇਹ ਹੋਇਆ ਕਿ ਉਨ੍ਹਾਂ ਨੂੰ ਪ੍ਰਸਿੱਧ ਵਿਗਿਆਨੀਆਂ ਨਾਲ ਕੰਮ ਕਰਨ ਦਾ ਮੌਕਾ ਮਿਲ ਗਿਆ। ਉਸ ਨੇ ਸ਼ਿਕਾਗੋ ਦੀ ਆਰਗੌਨੇ ਨੈਸ਼ਨਲ ਲੈਬਾਰਟਰੀ ਵਿੱਚ ਖੋਜ ਵਿਗਿਆਨੀ ਵਜੋਂ ਕੰਮ ਕਰਦਿਆਂ ਪ੍ਰਮਾਣੂ ਨਿਊਕਲਿਅਸ ਤੇ ਰੇਡਿਓਐਕਟਿਵ ਡਿਕੇਅ ਦਾ ਉੱਚ-ਅਧਿਐਨ ਕੀਤਾ।ਆਪਣੀਆਂ ਖੋਜਾਂ ਦੇ ਆਧਾਰ ਤੇ ਉਸ ਨੇ ਇੱਕ ਅਤਿ ਮਹੱਤਵਪੂਰਨ ਨਿਰਣਾ ਕੱਢਿਆ ਕਿ ਸਥਾਈ (ਸਟੇਬਲ) ਆਈਸੋਟੋਪ ਵਿੱਚ ਨਿਊਟ੍ਰਾਨਾਂ ਤੇ ਪ੍ਰੋਟਾਨਾਂ ਦੀ ਗਿਣਤੀ ਵਿੱਚ ਵਿਸ਼ੇਸ਼ ਅਨੁਪਾਤ (ਅੰਕ) ਹੁੰਦਾ ਹੈ ਜਿਸ ਅੰਕ ਨੂੰ ਮਾਰੀਆ ਨੇ "ਮੈਜ਼ਿਕ ਨੰਬਰ" ਦਾ ਨਾਂ ਦਿੱਤਾ।ਉਸ ਨੇ ਇੱਕ ਹੋਰ ਯੁੱਗ ਪਲਟਾਊ ਸਿਧਾਂਤ ਪੇਸ਼ ਕੀਤਾ ਕਿ ਨਿਊਕਲੀਅਸ ਵਿੱਚ ਪ੍ਰੋਟਾਨ ਤੇ ਨਿਊਟ੍ਰਾਨ ਵਿਸ਼ੇਸ਼ ਸ਼ੈਲਾਂ (ਆਰਬਿਟਸ) ਵਿੱਚ ਘੁੰਮਦੇ ਹਨ।ਉਸ ਨੇ ਇਹ ਵੀ ਸਿੱਧ ਕੀਤਾ ਕਿ ਇਹ ਦੋਵੇਂ ਕਣ (ਪ੍ਰੋਟਾਨ ਤੇ ਨਿਊਟ੍ਰਾਨ) ਆਪਣੇ ਧੁਰਿਆਂ ਦੁਆਲੇ ਵੀ ਘੁੰਮਦੇ (ਸਪਿੰਨ ਕਰਦੇ) ਹਨ।ਇਨ੍ਹਾਂ ਖੋਜਾਂ ਤੋਂ ਪ੍ਰਭਾਵਿਤ ਹੋ ਕੇ ਸੰਨ 1960 ਵਿੱਚ ਯੂਨੀਵਰਸਿਟੀ ਆਫ ਕੈਲੇਫੋਰਨੀਆਂ ਨੇ ਸਾਨ ਡਿਆਗੋ ਵਿੱਚ ਉਸ ਨੂੰ ਭੌਤਿਕ ਵਿਗਿਆਨ ਦੀ ਪ੍ਰੋਫੈਸਰ ਨਿਯੁਕਤ ਕਰ ਲਿਆ।ਭੌਤਿਕ ਵਿਗਿਆਨ ਦੇ ਖੇਤਰ ਵਿੱਚ ਮਾਰੀਆ ਦੀਆਂ ਨਵੇਕਲੀਆਂ ਤੇ ਮਹੱਤਵਪੂਰਨ ਖੋਜਾਂ ਦੇ ਸਨਮਾਨ ਵਜੋਂ ਸੰਨ 1963 ਵਿੱਚ ਉਸ ਨੂੰ ਨੋਬਲ ਇਨਾਮ ਪ੍ਰਦਾਨ ਕੀਤਾ ਗਿਆ।ਇਹ ਸਰਵੋਚ ਸਨਮਾਨ ਪ੍ਰਾਪਤ ਕਰਦਿਆਂ ਮਾਰੀਆ ਨੇ ਕਿਹਾ 'ਨੋਬਲ ਪੁਰਸਕਾਰ ਤਾਂ ਕੇਵਲ ਤੁਹਾਨੂੰ ਹੁਲਾਰਾ ਦਿੰਦਾ ਹੈ,ਅਸਲ ਕੰਮ ਤਾਂ ਹੈ ਸਾਇੰਸ ਨਾਲ ਪਿਆਰ ਹਿਤ ਨਿਰੰਤਰ ਕੰਮ ਕਰਦੇ ਰਹਿਣਾ'। ਮਾਰੀਆ ਦਾ ਇਹ ਵਿਚਾਰ ਅੱਜ ਦੇ ਨੌਜਵਾਨਾਂ ਲਈ ਰਾਹ-ਦਸੇਰਾ ਹੈ।

## ਸ਼ਿੰਨ ਸ਼ੁੰਗ ਵੂ(1912-1997)



ਚੀਨ ਦੀ ਸ਼ਿੰਨ ਸ਼ੁੰਗ ਵੂ ਅਜਿਹੀ ਭੌਤਿਕ ਵਿਗਿਆਨੀ ਸੀ ਜਿਸ ਦੀਆਂ ਖੋਜਾਂ ਨੇ ਵਿਗਿਆਨ ਨੂੰ ਨਵੀਆਂ ਪੈੜਾਂ ਤੇ ਤੋਰਿਆ।ਉਸ ਦੇ ਰੇਡੀਓਐਟਿਵ ਡਿਕੇਅ ਸਬੰਧੀ ਪ੍ਰਯੋਗਾਂ ਦੇ ਨਤੀਜਿਆਂ ਨੇ ਹੀ ਆਪਣੇ ਸਾਥੀ ਮਰਦ ਵਿਗਿਆਨੀਆਂ-ਚੈਨ ਨਿੰਗ (ਫਰੈਂਕ) ਯਾਂਗ ਤੇ ਸੁਆਂਗ ਚਾਊ ਲੀ ਦੀਆਂ ਖੋਜਾਂ ਨੂੰ ਠੀਕ ਸਿੱਧ ਕਰ ਕੇ ਉਨ੍ਹਾਂ ਨੂੰ ਨਾ ਕੇਵਲ ਨਮੋਸ਼ੀ ਤੋਂ ਬਚਾਇਆ ਸਗੋਂ ਨੋਬਲ ਇਨਾਮ ਦੇ ਹੱਕਦਾਰ ਵੀ ਬਣਾ ਦਿੱਤਾ।ਉਹ ਕਾਫੀ ਸਮਾਂ

ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਭੌਤਿਕ ਵਿਗਿਆਨ ਪੜ੍ਹਾਉਂਦੀ ਆਪਣੇ ਵਿਦਿਆਰਥੀਆਂ ਲਈ ਹਊਆ ਬਣੀ ਰਹੀ।ਇਸ ਦਾ ਕਾਰਨ ਸੀ ਕਿ ਉਹ ਆਪ ਅਤਿ ਦੀ ਮਿਹਨਤੀ ਤੇ ਅਨੁਸ਼ਾਸਨ-ਪ੍ਰੇਮੀ ਸੀ ਤੇ ਆਪਣੇ ਵਿਦਿਆਰਥੀਆਂ ਤੋਂ ਵੀ ਇਹੀ ਉਮੀਦ ਰਖਦੀ ਸੀ।ਵੂ ਨੇ ਆਪਣੇ ਅਤਿ ਸੂਖਮ ਤੇ ਕਠਿਨ ਪ੍ਰਯੋਗਾਂ ਨਾਲ ਸਿੱਧ ਕੀਤਾ ਕਿ ਸਪਿੰਨ ਕੰਜ਼ਰਵੇਸ਼ਨ ਦਾ ਸਿਧਾਂਤ ਕਮਜ਼ੋਰ ਨਿਊਕਲੀਅਰ ਬਲਾਂ ਤੇ ਲਾਗੂ ਨਹੀਂ ਹੁੰਦਾ।ਉਸ ਦੇ ਇਸ ਹੈਰਾਨਕੁੰਨ ਨਤੀਜੇ ਨੇ ਵਿਗਿਆਨੀਆਂ ਨੂੰ ਤਾਂ ਇੱਕ ਵੇਰ ਭੁਆਂਟਣੀਆਂ ਦੇ ਦਿੱਤੀਆਂ ਪਰੰਤੂ ਇਸ ਨੇ ਕੁਦਰਤ ਦੇ ਗੁੱਝੇ ਭੇਦਾਂ ਨੂੰ ਬਹੁਤ ਹੱਦ ਤੱਕ ਸਪਸ਼ਟ ਕਰ ਦਿੱਤਾ।ਇਸ ਕਾਰਨ ਹੀ ਪ੍ਰਸਿੱਧ ਵਿਗਿਆਨੀ ਵੋਲਫਗੈਂਗ ਨੇ ਵੂ ਦੀ ਇਸ ਖੋਜ ਤੇ ਪ੍ਰਤਿਕਰਮ ਕਰਦਿਆਂ ਆਖਿਆ ਸੀ'ਮੈਨੂੰ ਯਕੀਨ ਨਹੀਂ ਆਉਂਦਾ ਕਿ ਪ੍ਰਮਾਤਮਾ(ਸਿਰਜਿਕ)ਇੱਕ ਕਮਜ਼ੋਰ ਖੱਬਚੂ ਵੀ ਹੋ ਸਕਦਾ ਹੈ।'ਭੌਤਿਕ ਵਿਗਿਆਨੀ ਸ਼ਿੰਨ ਸ਼ੁੰਗ ਵੂ ਇਸਤ੍ਰੀ ਜਾਤੀ ਦੀ ਬੌਧਿਕ ਸਮਰੱਥਾ ਅਤੇ ਹਿੰਮਤ ਦੀ ਮਿਸਾਲ ਹੈ।

**ਸੈਸਿਲੀਆ ਪਾਏਨੇ ਗਪੋਸ਼ਕਿਨ(1900-1979)**

ਵੀਹਵੀਂ ਸਦੀ ਦੇ ਖਗੋਲ ਵਿਗਿਆਨੀਆਂ ਸਾਹਮਣੇ ਇੱਕ ਵੱਡਾ ਸਵਾਲ ਸੀ ਤਾਰੇ ਦਾ ਜੀਵਨ ਇਤਿਹਾਸ ਕੀ ਹੈ?'ਇਸ ਪ੍ਰਸ਼ਨ ਦਾ ਬਾਖੂਬੀ ਉੱਤਰ ਲੱਭਿਆ ਇੰਗਲੈਂਡ ਦੀ ਔਰਤ ਤਾਰਾ ਵਿਗਿਆਨੀ ਸੈਸਿਲੀਆ ਨੇ।ਉਸ ਨੇ ਆਪਣੀਆਂ ਖਗੋਲੀ ਖੋਜਾਂ ਨਾਲ ਆਪਣੇ ਆਪ ਨੂੰ ਸਰਵੋਤਮ ਖਗੋਲ ਵਿਗਿਆਨੀ ਤੇ ਪ੍ਰਸਿੱਧ ਔਰਤ ਤਾਰਾ ਵਿਗਿਆਨੀ ਸਿੱਧ ਕਰ ਵਿਖਾਇਆ।ਉਸ ਦੀ



ਹੈਰਾਨਕੁਨ ਪ੍ਰਤਿਭਾ ਸਦਕਾ ਹਰਵਰਡ ਕਾਲਿਜ ਅਬਜ਼ਰਵੇਟਰੀ ਦੇ ਪ੍ਰਸਿੱਧ ਵਿਗਿਆਨੀ ਹਾਰਲੋਵ ਸ਼ੈਪਲੇ ਨੇ ਉਸ ਨੂੰ ਆਪਣੇ ਨਾਲ ਕੰਮ ਕਰਨ ਲਈ ਅਮਰੀਕਾ ਬੁਲਾ ਲਿਆ।ਉਸ ਨੇ ਇੱਥੇ ਤਾਰਿਆਂ ਦੇ ਸਪੈਕਟ੍ਰਮ ਤੇ ਅਧਿਐਨ ਕੀਤਾ ਅਤੇ'ਸਟੈਲਰ ਐਟਮਸਫੀਅਰਜ਼'ਵਿਸ਼ੇ ਤੇ ਪੀ.ਐਚ.ਡੀ.ਕੀਤੀ ਜਿਸ ਨੂੰ ਸਰਵੋਤਮ ਥੀਸਿਸ ਘੋਸ਼ਿਤ ਕੀਤਾ ਗਿਆ।ਉਸ ਨੇ ਅਣਥੱਕ ਮਿਹਨਤ ਕਰਕੇ ਕੇਵਲ 24 ਸਾਲ ਦੀ ਉਮਰ ਵਿੱਚ ਹੀ ਤਾਰਿਆਂ ਨੂੰ ਉਨ੍ਹਾਂ ਦੇ ਤਾਪਮਾਨ ਅਨੁਸਾਰ ਸ਼੍ਰੇਣੀਬੱਧ ਕੀਤਾ।ਸੰਨ 1934 ਵਿੱਚ ਪਾਏਨੇ ਦਾ ਤਾਰਾ ਵਿਗਿਆਨੀ ਸਿਰਗੇਈ ਗਪੋਸ਼ਕਿਨ ਨਾਲ ਵਿਆਹ ਹੋ ਗਿਆ ਜਿਸ ਨਾਲ ਮਿਲ ਕੇ ਉਸ ਨੇ ਤਾਰਾ ਵਿਗਿਆਨ ਦੀਆਂ ਤਿੰਨ ਪ੍ਰਸਿੱਧ ਪੁਸਤਕਾਂ ਲਿਖੀਆਂ।ਉਹ 1956 ਵਿੱਚ ਹਰਵਰਡ ਯੂਨੀਵਰਸਿਟੀ ਦੀ ਪਹਿਲੀ ਔਰਤ ਪ੍ਰੋਫੈਸਰ ਬਣੀ ਜਿੱਥੇ ਉਹ 12 ਸਾਲ ਤੱਕ ਮੁਖੀ ਰਹੀ।ਉਸ ਨੇ 1979 ਵਿੱਚ 'ਸਟਾਰਜ਼ ਐਂਡ ਕਲੱਸਟਰਜ਼'ਕਿਤਾਬ ਲਿਖੀ।ਇਸ ਪ੍ਰਕਾਰ ਸੈਸਿਲੀਆ ਪਾਏਨੇ ਗਪੋਸ਼ਕਿਨ ਨੇ ਆਪਣੀ ਕ੍ਰਿਸ਼ਮਈ ਪ੍ਰਤਿਭਾ ਤੇ ਮਿਹਨਤ ਦੇ ਬਲ ਨਾਲ ਪੁਰਸ਼-ਪ੍ਰਧਾਨ ਸਮਾਜ ਵਿੱਚ ਆਪਣਾ ਨਿਵੇਕਲਾ ਸਥਾਨ ਸਥਾਪਿਤ ਕਰਨ ਵਿੱਚ ਸਫਲਤਾ ਹਾਸਿਲ ਕੀਤੀ।ਸੈਸਿਲੀਆ ਹਿੰਮਤੀ ਔਰਤਾਂ ਲਈ ਚਾਨਣ-ਮੁਨਾਰਾ ਹੈ।

**ਰਿਟਾ ਲੈਵੀ ਮੋਨਟਾਲਸਿਨੀ(1909 )**

ਵੀਹਵੀਂ ਸਦੀ ਦੇ ਆਰੰਭ ਵਿੱਚ ਵਿੱਚ ਹੀ ਇੱਕ ਹੋਰ ਔਰਤ ਵਿਗਿਆਨੀ ਨੇ ਇਟਲੀ ਦੇਸ਼ ਵਿੱਚ ਜਨਮ ਲਿਆ ਜਿਸ ਨੂੰ ਵੀ ਭੌਤਿਕ ਵਿਗਿਆਨੀ ਮੇਰੀਆ ਜਿਓਪਰਟ ਵਾਂਗ ਹਿਟਲਰ ਦੇ ਯਹੂਦੀ-ਵਿਰੋਧੀ ਜ਼ਬਰ ਦਾ ਸ਼ਿਕਾਰ ਹੋਣਾ ਪਿਆ।ਅੰਤਰ ਇਹ ਸੀ ਕਿ ਮੇਰੀਆ ਦਾ ਪਿਤਾ ਉਸ ਦੀ ਉੱਚ-ਸਿੱਖਿਆ ਵਿੱਚ ਸਹਾਇਕ ਸੀ ਜਦੋਂ ਕਿ ਰਿਟਾ ਦਾ ਪਿਤਾ ਕੱਟੜ ਵਿਰੋਧੀ ਸੀ।ਇਸ ਦੇ ਬਾਵਜੂਦ ਰਿਟਾ ਆਪਣੇ ਸਿਦਕ ਤੇ




ਮਿਹਨਤ ਸਦਕਾ ਮੇਰੀਆ ਵਾਂਗ ਨੋਬਲ ਇਨਾਮ ਪ੍ਰਾਪਤ ਕਰਨ ਵਿੱਚ ਸਫਲ ਹੋਈ।ਉਸ ਨੇ ਵਿਆਹ ਨਹੀਂ ਕਰਵਾਇਆ।ਉਸ ਦੇ ਨਾਂ ਨਾਲ ਲੱਗਾ 'ਮੋਨਟਾਲਸਿਨੀ'ਉਸ ਦੀ ਮਾਤਾ ਦਾ ਨਾਂ ਹੈ।ਰਿਟਾ ਨੇ ਦੂਜੇ ਵਿਸ਼ਵ -ਯੁੱਧ ਦੌਰਾਨ ਹੀ ਸਰੀਰ ਵਿਗਿਆਨ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਪਰੰਤੂ ਡਿਗਰੀ ਲੈਂਦਿਆਂ ਹੀ ਉਸ ਨੂੰ ਜਰਮਨ ਨਾਜ਼ੀਆਂ ਤੋਂ ਬਚਣ ਲਈ ਗੁਪਤਵਾਸ ਹੋਣਾ ਪਿਆ।ਭਾਵੇਂ ਯੁੱਧ ਦੇ ਉਨ੍ਹਾਂ ਦਿਨਾਂ ਵਿੱਚ ਕੋਈ ਸਾਇੰਸ ਦਾ ਮੈਗਜ਼ੀਨ ਮਿਲਣਾ ਮੁਸ਼ਕਲ ਸੀ ਪਰੰਤੂ ਚੰਗੀ ਕਿਸਮਤ ਨੂੰ ਜਗਤ-ਪ੍ਰਸਿੱਧ ਸਰੀਰ-ਵਿਗਿਆਨੀ ਵਿਕਟਰ ਹਮਬਰਗਰ ਦਾ ਇੱਕ ਖੋਜ-ਪੱਤਰ ਰਿਟਾ ਦੇ ਹੱਥ ਲੱਗ ਗਿਆ।ਇਸ ਤੋਂ ਪ੍ਰੇਰਿਤ ਹੋ ਕੇ ਰਿਟਾ ਨੇ ਆਪਣੇ ਗੁਪਤ ਰਿਹਾਇਸ਼ੀ ਕਮਰੇ ਅੰਦਰ ਹੀ ਮੁਰਗੀ ਦੇ ਭਰੂਣ ਤੇ ਤਜਰਬਾ ਕਰਨਾ ਸ਼ੁਰੂ ਕਰ ਦਿੱਤਾ।ਉਸ ਦੇ ਭਰਾ ਨੇ ਇਸ ਪ੍ਰਯੋਗ ਲਈ ਲੋੜੀਂਦਾ ਸਾਮਾਨ ਉਪਲਬਧ ਕਰਵਾ ਦਿੱਤਾ।ਲੈਵੀ ਨੇ ਮੁਰਗੀ ਦੇ ਬੱਚੇ ਦੀਆਂ ਆਰੰਭਿਕ ਅਵਸਥਾਵਾਂ ਨੂੰ ਗਹੁ ਪੂਰਬਕ ਵਾਚਿਆ ਜਦੋਂ ਅਜੇ ਸੈੱਲਾਂ ਦਾ ਵਿਭਾਜਨ ਸ਼ੁਰੂ ਹੀ ਹੋਇਆ ਸੀ।ਯੁੱਧ ਖਤਮ ਹੋਣ ਤੋਂ ਬਾਅਦ ਰਿਟਾ ਵਿਕਟਰ ਹਮਬਰਗਰ ਪਾਸ ਸੇਂਟ ਲੂਈਅਸ ਮਿਸੌਰੀ ਚਲੀ ਗਈ।ਇਸ ਦੌਰਾਨ ਉਸ ਨੇ ਸਰੀਰ ਦੇ ਤੰਤੂ-ਪ੍ਰਬੰਧ ਦੇ ਵਿਕਾਸ ਨਾਲ ਸਬੰਧਿਤ 'ਨਰਵ ਗਰੋਥ ਫੈਕਟਰ'ਤੇ ਖੋਜ ਕੀਤੀ।ਉਹ 1968 ਵਿੱਚ ਯੂ.ਐੱਸ.ਨੈਸ਼ਨਲ ਅਕੈਡਮੀ ਆਫ ਸਾਇੰਸਸ ਲਈ ਚੁਣੀ ਗਈ ਅਤੇ ਸੰਨ 1968 ਵਿੱਚ ਰਿਟਾ ਨੂੰ ਨੋਬਲ ਇਨਾਮ ਨਾਲ ਨਿਵਾਜਿਆ ਗਿਆ। ਰਿਟਾ ਲੈਵੀ ਮੋਨਟਾਲਸਿਨੀ ਅਜਿਹੀ ਔਰਤ ਵਿਗਿਆਨੀ ਹੈ ਜਿਸ ਨੇ ਹਰ ਪ੍ਰਕਾਰ ਦੀਆਂ ਰੁਕਾਵਟਾਂ ਨੂੰ ਪੂਰੀ ਦਲੇਰੀ ਨਾਲ ਸਰ ਕਰਕੇ ਬੁਲੰਦੀਆਂ ਨੂੰ ਛੋਹਿਆ।

**ਬਾਰਬਰਾ ਮੈਕ ਕਲਿੰਟਕ(1902-1992)**

ਇਸ ਔਰਤ ਬਨਸਪਤੀ ਵਿਗਿਆਨੀ ਨੇ ਆਪਣੀ ਅਚੰਭਾਜਨਕ ਖੋਜ ਨਾਲ ਵਿਗਿਆਨੀਆਂ ਨੂੰ ਏਨਾ ਬੌਂਦਲਾ ਦਿੱਤਾ ਕਿ ਦਹਾਕਿਆਂ ਤੱਕ ਉਸ ਨੂੰ ਗੌਲਿਆ ਹੀ ਨਾ ਗਿਆ।

ਬਾਕੀ ਸਫਾ 14 ਤੇ...



# ਭਾਰਤੀ ਵਿਗਿਆਨੀਆਂ ਦੀਆਂ ਮਾਣਮੱਤੀਆਂ ਸਫਲਤਾਵਾਂ

ਅਮਰਜੀਤ ਸਿੰਘ

## ਨਾਵਿਕ :

ਭਾਰਤੀ ਪੁਲਾੜ ਖੋਜ ਸੰਸਥਾ(ਇਸਰੋ) ਦੇ ਵਿਗਿਆਨੀਆਂ ਨੇ ਭਾਰਤ ਨੂੰ ਵਿਸ਼ਵ ਦੇ ਉਨ੍ਹਾਂ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰ ਦਿੱਤਾ ਹੈ ਜਿਨ੍ਹਾਂ ਪਾਸ ਆਪਣਾ ਨੈਵੀਗੇਸ਼ਨ ਸਿਸਟਮ ਹੈ।ਫੌਜ ਨੂੰ ਆਪਣੇ ਜੰਗੀ ਅਸਤਰਾਂ ਅਤੇ ਮਿਜ਼ਾਇਲਾਂ ਨੂੰ ਕਿਸੇ ਵੀ ਨਿਸ਼ਚਿਤ ਨਿਸ਼ਾਨੇ ਵੱਲ ਸੇਧਣ ਲਈ ਇਸ ਸਿਸਟਮ ਦੀ ਲੋੜ ਹੁੰਦੀ ਹੈ। ਭਾਰਤ ਨੇ ਪਾਕਿਸਤਾਨ ਨਾਲ ਕਾਰਗਿਲ ਜੰਗ ਸਮੇਂ ਇਸ ਕੰਮ ਲਈ ਅਮਰੀਕਾ ਦੇ ਜੀ.ਪੀ.ਐੱਸ.ਸਿਸਟਮ ਦੀ ਵਰਤੋਂ ਕੀਤੀ ਸੀ। ਪਰ ਅਜਿਹਾ ਕਰਨ ਨਾਲ ਸਾਰਾ ਭਾਰਤੀ ਗੁਪਤ ਡਾਟਾ ਅਮਰੀਕੀ ਫੌਜ ਪਾਸ ਪਹੁੰਚ ਜਾਂਦਾ ਸੀ ਜਿਸ ਦੀ ਦੁਰਵਰਤੋਂ ਉਹ ਦੇਸ਼ ਕਰ ਸਕਦਾ ਸੀ।

ਇਸ ਸਮੁੱਚੀ ਪ੍ਰਣਾਲੀ ਲਈ ਸੱਤ ਉਪ-ਗ੍ਰਹਿਆਂ ਦੀ ਲੋੜ ਹੁੰਦੀ ਹੈ।ਭਾਰਤ ਵਲੋਂ ਇੰਡੀਅਨ ਰਿਜਨਲ ਨੈਵੀਗੇਸ਼ਨ ਸੈਟੇਲਾਈਟ ਸਿਸਟਮ (ਆਈ.ਆਰ.ਐੱਨ.ਐੱਸ.ਐੱਸ.) 'ਨਾਵਿਕ' ਦਾ ਪਹਿਲਾ ਉਪ-ਗ੍ਰਹਿ 2 ਜੁਲਾਈ 2013 ਨੂੰ ਅਤੇ ਬਾਅਦ ਵਿੱਚ ਵੱਖ ਵੱਖ ਸਮਿਆਂ 'ਤੇ ਪੰਜ ਹੋਰ ਉਪ-ਗ੍ਰਹਿ ਸਫਲਤਾਪੂਰਬਕ ਪੁਲਾੜ ਵਿੱਚ ਭੇਜੇ ਗਏ ਸਨ।ਹੁਣ ਇਸ ਸਿਲਸਿਲੇ ਦਾ ਆਖ਼ਰੀ ਸੱਤਵਾਂ ਉਪ-ਗ੍ਰਹਿ, ਪੀ.ਐਸ.ਐਲ.ਵੀ.ਰਾਕਟ ਰਾਹੀਂ ਦਾਗਿਆ ਗਿਆ ਹੈ। 'ਨਾਵਿਕ' ਦੀ ਜਾਣਕਾਰੀ ਦਾ ਦਾਇਰਾ ਭਾਰਤੀ ਹੱਦਾਂ ਤੱਕ ਹੀ ਸੀਮਿਤ ਨਹੀਂ ਬਲਕਿ ਇਨ੍ਹਾਂ ਤੋਂ 1500 ਕਿਲੋਮੀਟਰ ਦੂਰ ਤੱਕ ਦਾ ਖੇਤਰ ਵੀ ਇਸ ਦੇ ਪ੍ਰਭਾਵ ਖੇਤਰ ਵਿੱਚ ਸ਼ਾਮਿਲ ਹੋਵੇਗਾ।ਇਸ ਦੀ ਵਰਤੋਂ ਕੇਵਲ ਭਾਰਤ ਵਲੋਂ ਹੀ ਕੀਤੀ ਜਾਣੀ ਹੈ।ਹਾਲ ਦੀ ਘੜੀ ਇਸ ਦੇ ਵਪਾਰੀਕਰਨ ਦੀ ਕੋਈ ਤਜ਼ਵੀਜ਼ ਨਹੀਂ।ਇਸ ਪੂਰੇ ਪ੍ਰਾਜੈਕਟ ਤੇ 1410 ਕਰੋੜ ਰੁਪਏ ਖਰਚ ਆਏ ਹਨ।ਇਸ ਦੀ ਵਰਤੋਂ ਫ਼ੌਜ ਤੋਂ ਇਲਾਵਾ ਲੈਜਿਟਿਕਸ,ਟਰਾਂਸਪੋਰਟ,ਰੋਬੋਟਿਕਸ,ਆਫ਼ਤ ਪ੍ਰਬੰਧਨ, ਖਣਨ, ਤੇਲ ਭੰਡਾਰਾਂ ਦੀ ਖ਼ੋਜ ਅਤੇ ਵਾਹਨਾਂ'ਤੇ ਨਜ਼ਰ ਰੱਖਣ ਲਈ ਕੀਤੀ ਜਾਵੇਗੀ।ਭਾਰਤ ਦਾ ਇਹ ਨਾਵਿਕ ਜੁਲਾਈ ਵਿੱਚ ਕੰਮ ਕਰਨਾ ਸ਼ੁਰੂ ਕਰ ਦੇਵੇਗਾ।

## ਪਲੇਠਾ ਸਪੇਸ ਸ਼ਟਲ :

ਭਾਰਤੀ ਪੁਲਾੜ ਵਿਗਿਆਨੀਆਂ ਨੇ ਆਪਣੇ ਪਹਿਲੇ ਸਵਦੇਸ਼ੀ ਮੁੜਵਰਤਣਯੋਗ ਪੁਲਾੜ ਵਾਹਨ ਦੀ ਸਫਲਤਾਪੂਰਬਕ ਅਜਮਾਇਸ਼ ਕਰਕੇ ਇਤਿਹਾਸ ਰਚਿਆ ਹੈ।ਆਂਧਰਾ ਪ੍ਰਦੇਸ਼ ਦੇ ਸ੍ਰੀ ਹਰੀਕੋਟਾ ਸਤੀਸ਼ ਧਵਨ ਪੁਲਾੜ ਸਟੇਸ਼ਨ ਤੋਂ ਛੱਡੇ ਗਏ'ਹਵਾਈ ਜਹਾਜ਼'ਵਰਗੇ ਦਿਸਦੇ ਇਸ 6.5 ਮੀਟਰ ਲੰਬੇ ਤੇ 1.75 ਟਨ ਭਾਰੇ ਆਰ.ਐੱਲ.ਵੀ.ਟੀ.ਡੀ. ਨੂੰ ਵਿਸ਼ੇਸ਼ ਰਾਕੇਟ ਬੂਸਟਰ ਰਾਹੀਂ 65 ਕਿਲੋਮੀਟਰ ਦੀ ਉਚਾਈ ਤੱਕ ਪੁਲਾੜ ਵਿੱਚ ਭੇਜਿਆ ਗਿਆ ਜੋ 720 ਸੈਕਿੰਡ ਦੀ ਉੜਾਨ ਭਰਨ ਤੋਂ ਬਾਅਦ ਆਵਾਜ਼ ਦੀ ਰਫ਼ਤਾਰ ਤੋਂ ਪੰਜ ਗੁਣਾਂ ਤੇਜ਼ੀ ਨਾਲ ਬੰਗਾਲ ਦੀ ਖਾੜੀ ਵਿੱਚ ਨਿਸ਼ਚਿਤ ਥਾਂ ਤੇ ਆ ਡਿਗਿਆ।ਉੜਾਨ ਦੌਰਾਨ ਇਸ ਦੇ ਸਾਰੇ ਅੰਗਾਂ ਨੇ ਠੀਕ ਢੰਗ ਨਾਲ ਕੰਮ ਕੀਤਾ।ਇਸ ਸਪੇਸ ਸ਼ਟਲ ਨਾਲ ਭਵਿੱਖ ਵਿੱਚ ਪੁਲਾੜ ਯਾਤਰਾ ਹੁਣ ਨਾਲੋਂ ਦਸ ਗੁਣਾਂ ਸਸਤੀ ਹੋ

❋ ❋ ❋ ❋ ❋

....ਸਫਾ 13 ਦੀ ਬਾਕੀ



ਅਸਲ ਵਿੱਚ ਬਾਰਬਰਾ ਆਪਣੇ ਸਮੇਂ ਤੋਂ ਬਹੁਤ ਅੱਗੇ ਸੀ।ਉਹ ਸੰਨ 1944 ਵਿੱਚ ਨੈਸ਼ਨਲ ਅਕੈਡਮੀ ਆਫ਼ ਸਾਇੰਸਸ ਲਈ ਚੁਣੀ ਗਈ ਅਤੇ ਫਿਰ ਅਮਰੀਕਾ ਦੀ ਜੈਨੇਟਿੱਕ ਸੋਸਾਇਟੀ ਦੀ ਪ੍ਰਧਾਨ ਬਣੀ।ਇਸ ਅਹੁਦੇ 'ਤੇ ਚੁਣੀ ਜਾਣ ਵਾਲੀ ਉਹ ਪਹਿਲੀ ਔਰਤ ਸੀ।ਉਸ ਨੇ ਜਦੋਂ ਜੀਨਜ਼ ਤੇ ਖੋਜ ਆਰੰਭ ਕੀਤੀ ਤਾਂ ਦੋ ਸਾਲ ਤੱਕ ਉਸ ਨੂੰ ਖੁਦ ਪਤਾ ਨਹੀਂ ਸੀ ਕਿ ਉਹ ਠੀਕ ਰਾਹ ਤੇ ਚੱਲ ਵੀ ਰਹੀ ਹੈ ਜਾਂ ਹਨ੍ਹੇਰੇ ਵਿੱਚ ਹੀ ਲੱਤਾਂ ਮਾਰ ਰਹੀ ਹੈ।ਬਾਰਬਰਾ ਦੁਆਰਾ ਪੇਸ਼ ਕੀਤਾ ਗਿਆ ਸਿਧਾਂਤ 'ਰੈਗੁਲੇਸ਼ਨਜ਼ ਐਂਡ ਕੰਟਰੋਲ'ਬਹੁਤ ਹੀ ਗੁੰਝਲਦਾਰ ਵਿਸ਼ਾ ਸੀ।ਉਸ ਨੇ ਸੰਨ 1951 ਵਿੱਚ ਜਦੋਂ ਜੀਨਜ਼ ਬਾਰੇ ਕੋਲਡ ਸਪਰਿੰਗ ਹਾਰਬਰ ਸਿੰਪੋਜ਼ੀਅਮ ਵਿੱਚ ਆਪਣਾ ਖੋਜ-ਪੱਤਰ ਪੜ੍ਹਿਆ ਤਾਂ ਬਹੁਤ ਹੀ ਘੱਟ ਵਿਗਿਆਨੀਆਂ ਨੂੰ ਇਸ ਦੀ ਸਮਝ ਪਈ।ਉਸ ਨੇ ਸਿੱਧ ਕੀਤਾ ਕਿ ਵਿਸ਼ੇਸ਼ ਹਾਲਾਤਾਂ ਅਧੀਨ ਕਰੋਮੋਜ਼ੋਮਸ ਟੁੱਟ ਸਕਦੇ ਹਨ,ਵਿਭਾਜਿਤ ਹੋ ਸਕਦੇ ਹਨ ਅਤੇ ਮੁੜ ਭਿੰਨ ਭਿੰਨ ਢੰਗਾਂ ਨਾਲ ਜੁੜ ਵੀ ਸਕਦੇ ਹਨ।ਉਸ ਨੇ ਇਸ ਸਿੱਟੇ ਤੇ ਪੁੱਜਣ ਲਈ ਮੱਕੀ ਦੇ ਜੀਨਜ਼ ਦਾ ਪੁਸ਼ਤ ਦਰ ਪੁਸ਼ਤ ਅਧਿਐਨ ਕੀਤਾ ਅਤੇ ਵੇਖਿਆ ਕਿ ਕਰੋਮੋਸੋਮਜ਼ ਆਸਾਨੀ ਨਾਲ ਅਕਸਰ ਸਥਾਨ ਬਦਲ ਲੈਂਦੇ ਹਨ।ਬਾਰਬਰਾ ਨੇ ਇਸ ਕਿਰਿਆ ਨੂੰ ਟ੍ਰਾਂਸਪੋਜ਼ੀਸ਼ਨ ਨਾਂ ਦਿੱਤਾ ਜਿਸ ਨੂੰ ਬਾਅਦ ਵਿੱਚ ਜੰਪਿੰਗ ਜੀਨਜ਼ ਵੀ ਆਖਿਆ ਜਾਣ ਲੱਗਾ।ਕਈ ਸਾਲਾਂ ਬਾਅਦ ਜਦੋਂ ਹੋਰ ਕਈ ਵਿਗਿਆਨੀਆਂ ਨੇ ਜੀਨਜ਼ ਦੀ ਗਤੀਸ਼ੀਲਤਾ ਦੇ ਸਬੂਤ ਪੇਸ਼ ਕੀਤੇ ਤਾਂ ਜਾ ਕੇ ਬਾਰਬਰਾ ਦੀ ਖੋਜ ਦੀ ਕਦਰ ਪਈ।ਉਸ ਨੂੰ ਸੰਨ 1983 ਵਿੱਚ 81 ਸਾਲ ਦੀ ਉਮਰੇ ਨੋਬਲ ਪੁਰਸਕਾਰ ਨਸੀਬ ਹੋਇਆ ਜੋ ਉਸ ਨੂੰ 30 ਸਾਲ ਪਹਿਲਾਂ ਮਿਲਣਾ ਚਾਹੀਦਾ ਸੀ।ਵਿਗਿਆਨੀ ਜੇਮਜ਼ ਵਾਟਸਨ ਨੇ ਬਾਰਬਰਾ ਮੈਕ ਕਲਿੰਟਕ ਨੂੰ ਜੈਨੇਟਿਕ ਖੋਜਾਂ ਦੇ ਤਿੰਨ ਪ੍ਰਸਿੱਧ ਵਿਗਿਆਨੀਆਂ ਵਿੱਚ ਸ਼ਾਮਿਲ ਕੀਤਾ ਹੈ।ਇਸ ਔਰਤ ਵਿਗਿਆਨੀ ਦੀ ਖੋਜ ਨੇ ਸਰੀਰ ਵਿਗਿਆਨੀਆਂ ਲਈ ਨਵੇਂ ਰਾਸਤੇ ਖੋਲ੍ਹ ਦਿੱਤੇ।

ਸੱਚ ਹੀ ਕਿਹਾ ਗਿਆ ਹੈ-'ਹਾਸ਼ਮ ਫਤਹਿ ਨਸੀਬ ਉਨ੍ਹਾਂ ਨੂੰ ਜਿਨ੍ਹਾ ਹਿੰਮਤ ਯਾਰ ਬਣਾਈ। -ਡੈਲਸ (ਯੂ.ਐੱਸ.ਏ.)



ਸੈਣੀ ਬਰਾਦਰੀ ਦਾ ਨਿਧੜਕ ਆਗੂ

# ਸ਼੍ਰੀ ਰਾਜ ਕੁਮਾਰ ਸੈਣੀ

ਭਗਵਾਨ ਸਿੰਘ

ਪਾਰਲੀਮੈਂਟ(ਲੋਕ ਸਭਾ)ਹਲਕਾ ਕੁਰੂਕਸ਼ੇਤਰ (ਹਰਿਆਣਾ) ਤੋਂ ਮੈਂਬਰ ਪਾਰਲੀਮੈਂਟ (ਐਮ.ਪੀ.) ਸ਼੍ਰੀ ਰਾਜ ਕੁਮਾਰ ਸੈਣੀ ਜੀ ਨੇ ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਦੀ ਨਾਰਾਇਣਗੜ੍ਹ ਤਹਿਸੀਲ ਵਿੱਚ ਚੰਡੀਗੜ੍ਹ -ਪਾਊਂਟਾ ਸਾਹਿਬ ਮੁੱਖ ਸੜਕ 'ਤੇ ਸਥਿਤ ਇੱਕ ਛੋਟੇ ਜਿਹੇ ਪਿੰਡ,ਛੋਟੀ ਰਸੌਰ ਵਿਖੇ ਇੱਕ ਸਾਧਾਰਣ ਕਿਸਾਨ ਦੇ ਸੈਣੀ ਪਰਿਵਾਰ ਵਿੱਚ ਜਨਮ ਲੈ ਕੇ ਸਫ਼ਲਤਾ ਦੀਆਂ ਅਜਿਹੀਆਂ ਬੁਲੰਦੀਆਂ ਨੂੰ ਛੂਹਿਆ ਹੈ ਕਿ ਅੱਜ ਸਾਰੀ ਬਰਾਦਰੀ ਉਨ੍ਹਾਂ ਤੇ ਮਾਣ ਕਰਦੀ ਹੈ।ਆਪ ਦੇ ਪਿਤਾ ਜੀ ਖੇਤੀਬਾੜੀ ਦੇ ਨਾਲ-ਨਾਲ ਆੜ੍ਹਤ ਦਾ ਕੰਮ ਵੀ ਕਰਦੇ ਸਨ।ਆਪ ਦੇ ਸਾਂਝੇ ਪਰਿਵਾਰ ਵਿੱਚ ਦੋ ਭਰਾ ਹਨ ਜੋ ਕਿ ਮਾਣਭਰਪੂਰ ਬਿਜ਼ਨੈਸ ਕਰਦੇ ਹਨ।ਸੈਣੀ ਸਾਹਿਬ ਨੇ ਗ੍ਰੈਜੂਏਸ਼ਨ ਕਰਦਿਆਂ ਹੀ ਰਾਜਨੀਤੀ ਵਿੱਚ ਦਿਲਚਸਪੀ ਲੈਣੀ ਆਰੰਭ ਕਰ ਦਿੱਤੀ ਸੀ।ਆਪ ਦਾ ਇੱਕ ਹੀ ਬੇਟਾ ਹੈ ਜੋ ਪੰਚਕੂਲਾ ਵਿਖੇ ਰਹਿੰਦਿਆਂ ਆਪਣੇ ਪਰਿਵਾਰ ਦੇ ਪੋਲਟਰੀ ਫਾਰਮ,ਸਰੀਆ ਮਿੱਲਾਂ ਅਤੇ ਗੈਸ ਸਲੰਡਰ ਉਤਪਾਦਨ ਕਾਰੋਬਾਰ ਸੰਭਾਲਦਾ ਹੈ।



ਆਪ ਜੀ ਪਹਿਲਾਂ ਹਰਿਆਣਾ ਅਸੈਂਬਲੀ ਦੇ ਮੈਂਬਰ (ਐਮ.ਐਲ.ਏ.) ਹੁੰਦਿਆਂ ਤਿੰਨ ਸਾਲ ਤੱਕ ਟਰਾਂਸਪੋਰਟ ਮੰਤਰੀ ਰਹਿ ਚੁੱਕੇ ਹਨ।ਇਸ ਪੱਦਵੀ ਤੇ ਰਹਿੰਦਿਆਂ ਆਪ ਨੇ ਅਜਿਹਾ ਨਾਮਣਾ ਖੱਟਿਆ ਕਿ ਹੁਣ ਕੁਰੂਕਸ਼ੇਤਰ ਦੇ ਪਾਰਲੀਮੈਂਟ ਹਲਕੇ ਤੋਂ ਐਮ.ਪੀ.ਚੁਣੇ ਗਏ ਹਨ। ਆਪ ਇੱਕ ਨਿਡਰ ਤੇ ਸਾਹਸੀ ਨੇਤਾ ਹਨ ਜਿਸ ਸਦਕਾ ਲੋਕਾਂ ਵਿੱਚ ਹਰਮਨ ਪਿਆਰੇ ਹਨ।ਜਿਸ ਹੌਸਲੇ ਨਾਲ ਆਪ ਨੇ ਜਾਟ ਰਿਜ਼ਰਵੇਸ਼ਨ ਦੇ ਮੁੱਦੇ ਤੇ ਇਕੱਲਿਆਂ ਹੀ ਪਾਰਲੀਮੈਂਟ ਅਤੇ ਮੀਡੀਆ ਵਿੱਚ ਸੱਚ ਤੇ ਅਸਲੀਅਤ ਦਾ ਪ੍ਰਗਟਾਵਾ ਕੀਤਾ ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ।ਜਦੋਂ ਸਾਰੇ ਨੇਤਾ ਪਾਰਟੀ ਡਿਸਿਪਲਿਨ ਤੇ ਜਾਨ ਤੋਂ ਡਰ ਦੇ ਮਾਰੇ ਮੂੰਹ ਬੰਦ ਕਰਕੇ ਅੰਦਰ ਵੜ ਗਏ ਸਨ ਤਾਂ ਰਾਜ ਕੁਮਾਰ ਜੀ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਸੱਚ ਦਾ ਪੱਲਾ ਫੜੀ ਰੱਖਿਆ।ਆਪ ਨੇ ਸੈਣੀ ਬਰਾਦਰੀ ਦੇ ਗਰੀਬ ਲੋਕਾਂ ਲਈ ਰਿਜ਼ਰਵੇਸ਼ਨ ਲੈਣ ਦੇ ਮੁੱਦੇ ਤੇ ਵੀ ਨਿਡਰ ਹੋ ਕੇ ਉਸਾਰੂ ਭੂਮਿਕਾ ਨਿਭਾਈ ਹੈ ਜਿਸ ਕਾਰਨ ਸਾਰੀ ਸੈਣੀ ਬਰਾਦਰੀ ਉਨ੍ਹਾਂ ਦੇ ਨਾਲ ਖੜ੍ਹੀ ਹੈ।ਚੋਣਾਂ ਸਮੇਂ ਵੀ ਸੈਣੀ ਆਪ ਨੂੰ ਪੂਰਨ ਸਹਿਯੋਗ ਦਿੰਦੇ ਹਨ।ਆਪ ਅਤਿ ਦੇ ਮਿਲਣਸਾਰ ਤੇ ਖੁਸ਼ਤਬੀਅਤ ਵਿਅਕਤੀ ਹਨ।ਸਾਧਾਰਣ ਤੋਂ ਸਾਧਾਰਣ ਵਿਅਕਤੀ ਵੀ ਆਪ ਨੂੰ ਬਹੁਤ ਆਸਾਨੀ ਨਾਲ ਮਿਲ ਕੇ ਆਪਣੀ ਸਮੱਸਿਆ ਦੱਸ ਸਕਦਾ ਹੈ ਜਿਸ ਨੂੰ ਹੱਲ ਕਰਨ ਲਈ ਆਪ ਹਰ ਸੰਭਵ ਉਪਰਾਲਾ ਕਰਦੇ ਹਨ।ਆਪ ਸੱਚੇ ਲੋਕ-ਸੇਵਕ ਅਤੇ ਸੁਹਿਰਦ ਇਨਸਾਨ ਹਨ।ਸਾਡੀ ਸਭ ਦੀ ਅਰਦਾਸ ਹੈ ਕਿ ਅਸੀਂ ਉਨ੍ਹਾਂ ਨੂੰ ਹਰਿਆਣਾ ਪ੍ਰਾਂਤ ਦੇ ਮੁਖੀ ਵਜੋਂ ਸੈਣੀ ਭਵਨ ਰੋਪੜ ਵਿੱਚ'ਜੀ ਆਇਆਂ'ਆਖੀਏ।ਪੂਰੀ ਸੈਣੀ ਬਰਾਦਰੀ ਲਈ ਅਤਿ ਦਾ ਖੁਸ਼ਨਸੀਬ ਦਿਹਾੜਾ ਹੋਵੇਗਾ।ਸ਼੍ਰੀ ਰਾਜ ਕੁਮਾਰ ਸੈਣੀ,ਬਾਰਦਰੀ ਦੇ ਅਜਿਹੇ ਨਿਰਵਿਰੋਧ ਨਿਧੜਕ ਆਗੂ ਹਨ ਜਿਨ੍ਹਾਂ ਦੀ ਕੌਮ ਨੂੰ ਅਤਿ ਜ਼ਰੂਰਤ ਹੈ।ਪ੍ਰਮਾਤਮਾ ਉਨ੍ਹਾਂ ਨੂੰ ਹੋਰ ਸ਼ਕਤੀ ਤੇ ਹੌਸਲਾ ਬਖਸ਼ੇ। -ਪੰਚਕੂਲਾ



## ਗ਼ਜ਼ਲ

ਜਤਿੰਦਰ ਲਸਾੜਾ

ਮੇਰੇ ਜਨਾਬ ਦਾ ਹੈ ਰਹਿੰਦਾ ਵਪਾਰ ਬਾਕੀ,
ਮਿਲ ਤਾਂ ਗਿਆ ਹੈ ਲੇਕਿਨ ਹੈ ਇੰਤਜ਼ਾਰ ਬਾਕੀ।
ਹੈ ਨੋਚਿਆ ਬਦਨ ਨੂੰ ਜ਼ਾਲਮ ਖੂੰਖਾਰ ਵਾਂਗਰ,
ਰੂਹਾਂ ਦੇ ਜਜ਼ਬਿਆਂ ਦਾ ਹੋਣਾ ਸ਼ਿਕਾਰ ਬਾਕੀ।
ਪਰਵਾਜ਼ ਲਾਉਣ ਵੇਲੇ ਰੱਖੀਂ ਖਿਆਲ ਐਨਾ,
ਧਰਤੀ ਦੇ ਕਰਜ਼ਿਆਂ ਦਾ ਕਿੰਨਾ ਉਧਾਰ ਬਾਕੀ।
ਸੀਨੇ'ਚੋਂ ਰੁੱਗ ਭਰ ਕੇ ਦਿਲ ਬਾਹਰ ਕੱਢ ਕੇ ਬੋਲੇ,
ਬਸ ਐਵੇਂ ਦੇਖਣਾ ਸੀ ਕਿੰਨਾ ਕੁ ਪਿਆਰ ਬਾਕੀ।
ਉਸ ਦੀ ਅਦਾ ਤਾਂ ਦੇਖੋ, ਦੇ ਕੇ ਗੁਲਾਬ ਬੋਲੇ,
ਅੱਜ ਹੈ ਗੁਲਾਬ ਹਾਜ਼ਿਰ ਲੇਕਿਨ ਕਰਾਰ ਬਾਕੀ।
ਅਰਮਾਨ ਜਜ਼ਬਿਆਂ ਦੇ ਸ਼ਬਦਾਂ'ਚ ਕਹਿ ਨਾ ਹੋਏ,
ਲਿਖ ਤਾਂ ਲਈ ਗ਼ਜ਼ਲ ਪਰ ਦਿਲ ਦਾ ਗੁਬਾਰ ਬਾਕੀ।
ਪਤਝੜ ਖਿਲਾਰੇ ਪੱਤੇ ਬਰਬਾਦੀਆਂ ਦਾ ਮੌਸਮ ,
ਰੱਖ ਹੌਸਲਾ 'ਲਸਾੜੇ'ਆਉਣੀ ਬਹਾਰ ਬਾਕੀ।

-ਵੈਨਕੂਵਰ

ਕਹਾਣੀ

# ਕਰੇਵਾ

ਨਵਤੇਜ ਪੁਆਧੀ (ਸਵ:)*

"ਤੇਰੇ ਮੇਰੇ ਵੇ ਚੰਨਣਾ
ਕਿਸੇ ਚੰਦਰੀ ਰਾਤ ਦੇ ਫੇਰੇ"
ਤੇ ਅੱਜ ਜਦ ਉਸ ਨੇ ਸੋਈ ਪਾਈ ਤਾਂ ਸੋਈ ਨੇ ਰਾਹ ਦੇ ਦਿੱਤਾ ਸੀ ਪਰ ਉਸਦੇ ਅੰਦਰੋਂ ਇਹ ਹੂਕ ਉੱਠੀ ਜਿਸ ਨੇ ਉਸ ਦੀ ਧੁਰ ਆਤਮਾ ਨੂੰ ਪੱਛ ਕੇ ਲਹੂ ਲੁਹਾਨ ਕਰ ਦਿੱਤਾ ਸੀ।

ਤੇ ਉਹ ਇੱਕ ਕਪਾਹ ਦੇ ਖੇਤ ਵਾਂਗ ਖਿੜੀ ਰਾਤ ਨੂੰ, ਜਦ ਸਾਰਾ ਜੱਗ ਸੁੱਤਾ ਪਿਆ ਸੀ, ਆਪਣੇ ਦੋ ਮਹੀਨੇ ਦੇ ਬੱਚੇ ਨੂੰ ਆਪਣੀ ਮਾਂ ਨਾਲ ਸੁੱਤਾ ਪਿਆ ਛੱਡ ਗੌਤਮ ਉਦਾਸੀ ਵਾਂਗ ਘਰੋਂ ਨਿਕਲ ਗਿਆ ਤੇ ਉਸ ਨੇ ਇਹ ਵੀ ਨਾ ਸੋਚਿਆ ਕਿ ਉਹ ਕਿੱਧਰ ਜਾ ਰਿਹਾ ਹੈ। ਬੱਸ ਉਹ ਉਸ ਦਿੱਸ ਹੱਦੇ ਵੱਲ ਤੁਰਿਆ ਗਿਆ ਜਿੱਧਰ ਨੂੰ ਚੰਦਰਮਾ ਜਾ ਰਿਹਾ ਸੀ। ਜਦ ਉਹ ਪਿੰਡ ਦਾ ਬੰਨਾ ਲੰਘਣ ਲਗਿਆ ਤਾਂ ਉਸ ਨੇ ਪਿੱਛੇ ਭੌਂ ਆਪਣੇ ਪਿੰਡ ਵੱਲ ਤੱਕਿਆ ਜਿਹੜਾ ਰਾਤ ਦੇ ਚੰਦਰਮਾਂ ਦੀ ਲੋ ਵਿਚ ਘੂਕ ਸੌਂ ਰਿਹਾ ਸੀ। ਕੁਝ ਕੋਸੇ ਅੱਥਰੂ ਉਸ ਦੀਆਂ ਅੱਖੀਆਂ 'ਚੋਂ ਕਿਰੇ-ਤੇ ਉਸ ਦੀ ਕਰੜ-ਵੱਢੀ ਦਾੜ੍ਹੀ ਤੋਂ ਤਿਲ੍ਹਕ ਪਗਡੰਡੀ ਦੀ ਭੁੱਬਲ ਵਿਚ ਸਮਾ ਗਏ। ਉਥੇ ਹੀ ਖੜ੍ਹਿਆ ਉਸ ਨੇ ਝੁਕ ਕੇ ਕੁਝ ਮਿੱਟੀ ਚੁੱਕੀ, ਮੱਥੇ ਨੂੰ ਲਾਈ ਤੇ ਅੱਗੇ ਤੁਰ ਗਿਆ।

ਜਦ ਕਰਮੋ ਦੀ ਅੱਖ ਖੁਲ੍ਹੀ ਤਾਂ ਵਿਹੜੇ ਵਿਚ ਚਿੜੀਆਂ ਚੂਕ ਪਈਆਂ ਸਨ। ਕਾਵਾਂ ਤੇ ਕੂੰਜਾਂ ਦੀਆਂ ਡਾਰਾਂ ਪੂਰਬ ਵੱਲ ਨੂੰ ਉੜ ਪਈਆਂ ਸਨ। ਕਰਮੋ ਨੇ ਨਾਲ ਪਏ ਦੋ ਮਹੀਨੇ ਦੇ ਬੱਚੇ ਦੇ ਮੂੰਹ ਤੇ ਹੱਥ ਫੇਰਿਆ ਤੇ ਮੁੜ ਨਾਲ ਡਹੇ ਮੰਜੇ ਵੱਲ ਨਿਗਾਹ ਮਾਰੀ ਜੋ ਬਾਂਝ ਔਰਤ ਵਾਂਗ ਸੱਖਣਾ ਪਿਆ ਸੀ। ਕਰਮੋ ਘਬਰਾ ਕੇ ਉਠ ਬੈਠੀ। ਬਾਹਰ ਅਜੇ ਘੁਸ- ਮੁਸਾ ਸੀ ਉਹ ਘਬਰਾਈ ਉਠ ਕੇ ਕਮਰੇ ਵਿਚ ਗਈ ਜਿੱਥੇ ਉਸ ਦੀ ਸੱਸ ਮਾਈ-ਆਤੀ ਸੁੱਤੀ ਪਈ ਅਜੇ ਘਰਾੜੇ ਮਾਰ ਰਹੀ ਸੀ।

" ਮਾਂ ਜੀ , ਮਾਂ ਜੀ !! ਉਠੋ !!! ਓ ਹੈ ਨੀ..." ਕਰਮੋ ਨੇ ਹਲਕੀ ਜਿਹੀ.ਵਾਜ ਮਾਰੀ।

"ਖਾ ਲਿਆ ਮੇਰਾ ਪੁੱਤ ਰੰਡੀਏ..." ਮਾਈ ਜਿਵੇਂ ਉੱਭੜਵਾਹੀ ਉੱਠੀ ਹੋਵੇ ਤੇ ਉਹ ਚੰਡਾਲਣੀ ਬਣ ਫੁੰਕਾਰੀ।

" ਨਹੀ ਮਾਂ ਜੀ ਐਕਣਾ ਨਾ ਕਹੋ..... ਕਰਮੋ ਦਾ ਰੋਣ ਨਿਕਲ ਗਿਆ ਸੀ।

"ਆ ਭਾਣਾ ਤਾਂ ਵਰਤਣਾ ਇ ਤਾ ਇੱਕ ਦਿਨ... .. ਮਾਈ ਜਿਵੇਂ ਜਾਣੀ ਜਾਣ ਹੋਵੇ।

"ਮਾਂ ਜੀ ਚੰਗਾ ਭਲਾ ਰਾਤ ਸੁੱਤਾ ਖਣੀ ਰਾਤ ਨੂੰ ਕਦ ਕਿੱਥੇ ਤੁਰ ਗਿਆ ..... ਕਰਮੋ ਅਧ-ਮੋਇਆਂ ਵਾਂਗ ਬੋਲੀ।

"ਤੇਰੇ ਚਾਲੇ ਓ ਉਨ੍ਹੰ ਖਾਣ ਦੇ ਤੇ" ਮਾਈ ਗਰਜੀ।

ਕੁਝ ਹੋਰ ਹੀ ਤਰ੍ਹਾਂ ਦੀਆਂ ਆਵਾਜ਼ਾਂ ਸੁਣ ਕੇ ਨਾਲ ਦੇ ਘਰ ਤ੍ਰਿੰਜਣ ਵਿਚ ਨੂੰਹਾਂ-ਧੀਆਂ ਨੇ ਕੱਤਣਾ ਬੰਦ ਕਰ ਦਿੱਤਾ ਸੀ। ਸਭ ਜਣੀਆਂ ਕਿਸੇ ਅਨਹੋਣੀ ਤੋਂ ਡਰਦੀਆਂ ਆਪਣੇ ਆਪਣੇ ਘਰੋ-ਘਰੀਂ ਚਲੀਆਂ ਗਈਆਂ ਸਨ।

ਮਾਈ ਕਰਮੋ ਦੀ ਸੱਸ ਨੇ ਮੋਟੀਆਂ ਮੋਟੀਆਂ ਡਿੰਘਾਂ ਪਟਦਿਆਂ ਵਾੜੇ ਵਿਚ ਜਾ ਡੰਗਰਾਂ ਦੀ ਰਾਖੀ ਸੁੱਤੇ ਪਏ ਆਪਣੇ ਘਰ ਦੇ ਨੂੰ ਜਗਾਇਆ।

"ਉਠੋ ਜੀ ਮੁੰਡਾ ਖਣੀ ਕਿੱਥੇ ਚਲੇ ਗਿਆ। ਰੱਬ ਸੁਖ ਰਖੇ।" ਬੁੱਢਾ ਅੱਖਾਂ ਮਲਦਾ ਉਠ ਖੜ੍ਹਾ ਹੋਇਆ।

"ਪਰ ਬਹੂ ਨੂੰ ਤਾਂ ਪੁਛ ਲੈਂਦੀ।" ਬੁੱਢੇ ਨੇ ਜੁੱਤੀ ਪੈਰੀਂ ਪਾਉਂਦਿਆਂ ਕਿਹਾ।

"ਖਾ ਗੀ ਮੇਰੇ ਪੁੱਤ ਨੂੰ ਓਈ ਡੈਣ।" ਮਾਈ ਨੇ ਵਰਲਾਪ ਕੀਤਾ ਤੇ ਦੋਵੇਂ ਜਣੇ ਘਰ ਆ ਗਏ।

"ਭਾਈ ਕਰਮੋ ਤੇਰੇ ਨਾਲ ਤਾਂ ਨੀ ਕੋਈ ਬੋਲ ਵਗਾੜ ਹੋਇਆ?" ਘਰ ਪੁਜ ਮਾਧੋ ਸਿੰਘ ਨੇ ਕਰਮੋ ਤੋਂ ਪੁੱਛਿਆ।

"ਨਾ ਜੀ ਕੁਛ ਵੀ ਨਾ ਹੋਇਆ ਰਾਤ ਚੰਗਾ ਭਲਾ ਸੁੱਤਾ ਤੜਕੇ ਜਿਆ ਪਤਾ ਨੀ ਕਿਧਰ ਨੂੰ ਲੰਘ ਗਿਆ।"ਇੰਨ੍ਹਾਂ ਆਖ ਕਰਮੋ ਆਪਣੇ ਬੱਚੇ ਨੂੰ ਗੋਦ ਵਿਚ ਲੈ ਰੋਣ ਲੱਗ ਪਈ।

"ਰੋਂਦੀ ਕਾਨ੍ਹੰ ਆ ਕਮਜਾਤੇ ਹੁਣ ਜਾ ਲਛਮਣ ਦਾਸ ਦੇ ਡੇਰੇ ਜਾ ਕੇ ਪ੍ਰਸ਼ਾਦ ਕਰਾਇਆ। ਖੁਸ਼ ਹੋ, ਗਿੱਧਾ ਪਾ" ਮਾਈ ਕਿੰਨਾ ਕੁਝ ਕਹਿ ਗਈ ਸੀ।

ਕਰਮੋ ਨੂੰ ਜਿਵੇਂ ਧਰਤੀ ਵਿਹਲ ਨਹੀਂ ਸੀ ਦੇਂਦੀ। ਕਰਮੋ ਦਾ ਸੌਹਰਾ ਪੱਕੀ ਨਹਿਰ ਵੱਲ ਨੂੰ ਨਿਕਲ ਗਿਆ ਸੀ।

ਸਵੇਰੇ ਸਵੇਰੇ ਮੂੰਹ-ਨੇਰ੍ਹੇ ਹੀ ਪਿੰਡ ਵਿਚ ਇੱਕ ਹੱਲਾ ਜਿਹਾ ਮਚ ਗਿਆ ਸੀ ਕਿ ਚੰਨਣ, ਕਰਮੋ ਦਾ ਘਰ ਵਾਲਾ ਪੱਕੀ ਨਹਿਰ ਵਿੱਚ ਛਾਲ ਮਾਰ ਕੇ ਮਰ ਗਿਆ ਹੈ। ਸਾਰਾ ਪਿੰਡ ਉਸ ਪੱਕੀ ਨਹਿਰ ਵੱਲ ਨੂੰ ਹੋ ਲਿਆ ਸੀ ਪਰ ਚੰਨਣ ਦੀ ਲਾਸ਼ ਕਿਤੇ ਨਹੀਂ ਸੀ ਮਿਲੀ।

ਮਾਧੋ ਸਿੰਘ ਨੇ ਆਪ ਅੰਦਰੋਂ, ਇਕ ਵੱਡਾ ਸਾਰਾ ਖੇਸ ਲਿਆ ਕੇ ਵਿਹੜੇ ਵਿਚ ਵਛਾ ਦਿੱਤਾ ਸੀ। ਆਉਣ ਵਾਲਾ ਹਰ ਬੰਦਾ ਦੂਰ ਪਿੱਛੇ ਜੁੱਤੀਆਂ ਲਾਹ ਕੇ ਚੁਪ ਚਾਪ ਵਿਹੜੇ ਵਿਚ ਵਿਛੇ ਖੇਸ ਤੇ ਬੈਠ ਰਿਹਾ ਸੀ। ਕੁਝ ਸਿਆਣੀਆਂ ਜਨਾਨੀਆਂ ਮਾਈ ਪਾਸ ਦੁਲ੍ਹਾਣ ਵਿਚ ਆ ਬੈਠ ਗਈਆਂ ਸਨ ਤੇ ਉੱਥੇ ਨਾਲ ਹੀ ਬੈਠੀ ਕਰਮੋ ਆਪਣੇ ਨਸੀਬਾਂ ਨੂੰ ਰੋ ਰਹੀ ਸੀ। ਦੁਲ੍ਹਾਣ ਦੇ ਨਾਲ ਲਗਦੇ ਕਮਰੇ ਵਿਚ ਉਸ ਦਾ ਦੋ ਮਹੀਨਿਆਂ ਦਾ ਬੱਚਾ ਰੋ ਰਿਹਾ ਸੀ। "ਕਰਮੋ ਨਿਆਣੇ ਨੂੰ ਵਰਾ ਲਾ ਭੋਰਾ।" ਇੱਕ ਜਨਾਨੀ ਨੇ ਕਰਮੋ ਨੂੰ ਕਿਹਾ ਪਰ ਕਰਮੋ ਕੁਝ ਨਾ ਬੋਲੀ ਤੇ ਡੁਸਕਦੀ ਰਹੀ।

"ਨਕਰਮਾ ਬਚਾਰਾ ਜਮਦਾ ਇ ਬਾਪ ਨੂੰ ਖਾ ਗਿਆ।" ਇੱਕ ਫਫਾਕੁਟ ਜਨਾਨੀ ਨੇ ਕਰਮੋ ਨੂੰ ਸੁਣਾ ਕੇ ਅੰਦਰ ਰੋ ਰਹੇ ਬੱਚੇ ਵੱਲ ਇਸ਼ਾਰਾ ਕੀਤਾ ਪਰ ਇਹ ਗੱਲ ਆਖ ਕੇ ਉਹ ਜਨਾਨੀ ਕਰਮੋ ਦਾ ਸਹਾਮਣਾ ਨਾ ਕਰ ਸਕੀ। ਡੁਸਕਦੀ ਕਰਮੋ ਇੱਕ ਦਮ ਲੋਹਾ ਲਾਖਾ ਹੋ ਗਈ,

''ਅਪਣਾ ਬਾਪ ਇ ਖਾਧਾ ਐ-ਤੇਰਾ ਖਸਮ ਤਾਂ ਨੀ ਖਾ ਲਿਆ ਰੰਡੀਏ" ਆਈਆਂ ਐ ਦੁਖ ਵੰਡਾਉਣ ਸਾਡਾ" ਕਰਮੋ ਕੁਝ ਹੋਰ ਬੋਲਦੀ, ਇਸ ਤੋਂ ਪਹਿਲਾਂ ਹੀ ਉਹ ਜਨਾਨੀ ਉਥੋਂ ਪੈਰ ਮਲਦੀ ਖਿਸਕ ਗਈ।

ਕਰਮੋ ਨੇ ਅੱਜ ਫੇਰ ਸੋਈ ਪਾਈ-ਪਰ ਸੋਈ ਨੇ ਕਰਮੋ ਨੂੰ ਰਾਹ ਨਹੀਂ ਦਿੱਤਾ। ਕਰਮੋ ਠਠੰਬਰ ਗਈ। ਉਹ ਇੱਕ ਛੱਡ ਇੱਕ ਲਕੀਰ ਨੂੰ ਕਟਦੀ ਗਈ ਤੇ ਗਿਣਦੀ ਗਈ। ਪੰਦਰਾਂ ਲਕੀਰਾਂ ਸਨ। ਉਸ ਨੂੰ ਯਾਦ ਆਇਆ ਕਿ ਉਸ ਦਾ ਪੁੱਤਰ ਵੀ ਅੱਜ ਪੰਦਰਾਂ ਮਹੀਨਿਆਂ ਦਾ ਹੋ ਗਿਆ ਸੀ। ਉਸ ਨੂੰ ਇੱਕ ਹਲਕੀ ਜਿਹੀ ਖੁਸ਼ੀ ਹੋਈ ਪਰ ਸੋਈ ਦੇ ਰਾਹ ਨਾ ਦੇਣ ਕਰਕੇ ਉਹ ਬਹੁਤ ਹੀ ਉਦਾਸ ਹੋ ਗਈ ਸੀ।

''ਰੱਬ ਕਰੇ ਚੰਨਣ ਜੀਊਂਦਾ ਹੋਵੇ" ਤੇ ਕਰਮੋ ਨੇ ਇਕ ਲੰਮਾ ਹੌਕਾ ਭਰਿਆ।

''ਪਰ ਡੂਢ ਸਾਲ ਡੂਢ ਸਾਲ ਤਾਂ ਇੱਕ ਜੁੱਗ ਹੁੰਦਾ ਐ-ਜੇ ਓ ਹੁੰਦਾ ਤਾਂ ਪਰਤ ਆਉਂਦਾ-ਰੱਬ ਕਰੇ ਓ ਪਰਤ ਆਵੇ ਹੇ ਭੌਣਾ ਆਲੀ ਮਾਂ ਤੇਰੀ ਕੜਾਹੀ ਕਰਾਊ"ਕਰਮੋ ਨੇ ਦੋਵੇਂ ਹੱਥ ਜੋੜ ਲੋਕਾਂ ਭਾਣੇ ਮਰ ਗਏ ਚੰਨਣ ਦੀ ਸੁੱਖ ਮੰਗੀ।

ਕੁਝ ਦਿਨ ਤੋਂ ਕਰਮੋ ਨੂੰ ਹੋਰ ਹੀ ਤਰ੍ਹਾਂ ਦੀਆਂ ਭਿਣਕਾਂ ਮਿਲ ਰਹੀਆਂ ਸਨ ਪਰ ਉਹ ਇਸ ਤੇ ਕਿਵੇਂ ਵਿਸ਼ਵਾਸ ਕਰ ਸਕਦੀ ਸੀ।

ਇੱਕ ਦਿਨ ਕੜਕਦੇ ਦੁਪਹਿਰੇ ਕਰਮੋ ਦਾ ਭਰਾ ਇੱਕ ਝੋਲਾ ਜਿਹਾ ਹੱਥ ਵਿੱਚ ਫੜੀ ਪਿੰਡ ਆ ਵੜਿਆ। ਉਸ ਨੇ ਕਰਮੋ ਦਾ ਸਿਰ ਪਲੋਸਿਆ। ਕਰਮੋ ਭਰਾ ਨੂੰ ਮਿਲ ਕੇ ਭੁੱਬਾਂ ਮਾਰ ਕੇ ਰੋਣ ਲੱਗ ਪਈ। ਕਰਮੋ ਦਾ ਬੱਚਾ ਸਵੇਰ ਦਾ ਦਖਾਈ ਨਹੀਂ ਸੀ ਦੇ ਰਿਹਾ।

ਕਰਮੋ ਦੇ ਭਾਈ ਦੇ ਆਉਂਦਿਆਂ ਹੀ ਪੰਜ ਚਾਰ ਬੰਦੇ ਕੱਠੇ ਕਰ ਲਏ ਸਨ ਕਰਮੋ ਦੀ ਬੁੱਢੀ ਸੱਸ ਨੇ। ਕਰਮੋ ਨੂੰ ਲੱਗਾ ਜਿਵੇਂ ਉਹ ਭਾਣਾ ਵਰਤਣ ਵਾਲਾ ਹੈ ਜਿਸ ਬਾਰੇ ਉਹ ਬਹੁਤ ਦਿਨਾਂ ਤੋਂ ਸੁਣਦੀ ਆ ਰਹੀ ਸੀ।

''ਮੈਂ ਜੈਰ ਖਾਕੇ ਮਰ ਜੁੰਗੀ ਪਰ ਆ ਕੰਮ ਨੀ ਕਰਦੀ।" ਕਰਮੋ ਆਪਣੇ ਘਰ ਦੀ ਛੱਤ ਥੱਲੇ ਖੜ੍ਹੀ ਚੀਕੀ।

''ਨਹੀ ਬੀਬੀ ਤੇਰੇ ਭਲੇ ਦੀ ਓ ਗਲ ਹੋ ਰਹੀ ਆ-ਕਿੰਨੀ ਦੇਰ ਕਟੂੰਗੀ ਕਲੀ?" ਕਰਮੋ ਦੇ ਭਾਈ ਨੇ ਕਰਮੋ ਨੂੰ ਆਪਣੀ ਜੱਫੀ ਵਿਚ ਲੈ ਕੇ ਵਰਾਇਆ। ਪਰ ਕਰਮੋ ਨੇ ਤਾਂ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ।

ਦੇਖਦਿਆਂ ਦੀ ਦੇਖਦਿਆਂ ਕਰਮੋ ਨੂੰ ਸੱਸ ਨੇ ਨਵਾਂ ਸੂਟ ਪੁਆ ਦਿੱਤਾ ਤੇ ਪਲੋ ਪਲੀ ਕਰਮੋ ਨੂੰ ਸੱਜਾ ਕੇ ਨਾਲ ਦੇ ਘਰ ਚੰਨਣ ਦੇ ਤਾਏ ਦੇ ਮੁੰਡੇ ਆਲ੍ਹੇ ਦੇ ਘਰ ਬਠਾ ਦਿੱਤਾ ਗਿਆ ਕਰੇਬਾ ਕਰਕੇ। ਕਈਆਂ ਮਹੀਨਿਆਂ ਤੋਂ ਜਦੋਂ ਦਾ ਆਲ੍ਹਾ ਕਤਲ ਦੇ ਕੇਸ ਤੋਂ ਬਰੀ ਹੋ ਕੇ ਆਇਆ ਸੀ-ਚਾਚੀ ਦੀਆਂ ਮਿੰਨਤਾਂ ਕਰਦਾ ਫਿਰਦਾ ਸੀ ਕਿ ਕਰਮੋ ਦਾ ਉਸ ਨਾਲ ਕਰੇਵਾ ਕਰ ਦੇਵੇ-ਨਹੀਂ ਤਾਂ ਉਹ ਕਰਮੋ ਨੂੰ ਕਿਸੇ ਦਿਨ ਧੱਕੇ ਨਾਲ ਚੱਕ ਕੇ ਕਿਧਰੇ ਲੈ ਜਾਵੇਗਾ ਤੇ ਉਸ ਦੇ ਟੱਬਰ ਨੂੰ ਮਾਰ ਮੁਕਾ ਦੇਵੇਗਾ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਕਰਮੋ ਦਾ ਕਰੇਵਾ ਕਰਨ ਲਈ ਕਰਮੋ ਦੇ ਭਾਈ ਤੇ ਸੱਸ ਨੇ ਬੁੱਢੇ, ਕਰਮੋ ਦੇ ਸੋਹਰੇ ਤੋਂ ਚੋਰੀ ਕੁਝ ਰਕਮ ਵੀ ਲਈ ਸੀ। ਤੇ ਅੱਜ ਆਲ੍ਹੇ ਦਾ ਸੁਪਨਾ ਪੂਰਾ ਹੋ ਰਿਹਾ ਸੀ।

ਜਦ ਕਰਮੋ ਸਜੀ ਸਜਾਈ ਆਲ੍ਹੇ ਦੇ ਘਰ ਵੜੀ ਤਾਂ ਆਲ੍ਹੇ ਦੇ ਪਹਿਲੀ ਜਨਾਨੀ 'ਚੋਂ ਦੋ ਬੱਚੇ ਬਾਰ ਵਿਚ ਖੜ੍ਹੇ ਡੈਬਰੇ ਜਿਹੇ ਆਪਣੀ ਨਵੀ ਮਾਂ ਵੱਲ ਤਕ ਰਹੇ ਸਨ। ਬੱਚਿਆਂ ਨੂੰ ਤੱਕ ਕੇ ਉਸ ਨੂੰ ਆਪਣਾ ਬੱਚਾ ਯਾਦ ਆ ਗਿਆ ਤੇ ਉਹ ਭੁੱਬਾਂ ਮਾਰ ਕੇ ਰੋਣ ਲੱਗ ਪਈ। ਆਲ੍ਹੇ ਨੇ ਕਰਮੋ ਨੂੰ ਦਸ ਦਿਤਾ ਸੀ ਕਿ ਉਸ ਦੇ ਬੱਚੇ ਨੂੰ ਤਾਂ ਸਵੇਰੇ ਹੀ ਬੁੱਢੀ ਨੇ ਉਸ ਦੀ ਭੂਆ ਪਾਸ ਖਾਨਪੁਰ ਭੇਜ ਦਿੱਤਾ ਸੀ ਤਾਂ ਕਿ ਬੱਚਾ ਇਹ ਸਭ ਕੁਝ ਦੇਖ ਕੇ ਓਦਰ ਹੀ ਨਾ ਜਾਵੇ। ਇਹ ਸੁਣ ਕਰਮੋ ਨੇ ਆਲ੍ਹੇ ਦੇ ਬੱਚਿਆਂ ਨੂੰ ਘੁਟ ਕੇ ਗਲ ਨਾਲ ਲਾ ਲਿਆ ਤੇ ਉਸ ਨੂੰ ਇਹਸਾਸ ਜਿਹਾ ਹੋਇਆ ਕਿ ਹੁਣ ਤਾਂ ਇਹੋ ਉਸ ਦੇ ਬੱਚੇ ਹਨ। ਆਲ੍ਹਾ, ਜਿਸ ਨਾਲ ਕਰਮੋ ਦਾ ਕਰੇਵਾ ਕਰ ਦਿੱਤਾ ਗਿਆ ਸੀ ਕਰਮੋ ਨੂੰ ਅੰਤਾਂ ਦਾ ਪਿਆਰ ਕਰਦਾ ਸੀ। ਕਰਮੋ ਅੱਜ ਵੀ ਹੱਥ ਲਾਇਆ ਮੈਲੀ ਹੁੰਦੀ ਸੀ। ਭਾਵੇਂ ਉਹ ਪੇਂਡੂ ਔਰਤ ਸੀ ਪਰ ਕੀ ਮਜਾਲ ਜੋ ਕਿਸੇ ਸ਼ਹਿਰਨ ਤੋਂ ਘਟ ਹੋਵੇ ਪੇਂਡੂ ਰੂਪਵਤੀ। ਕਰਮੋ ਦੇ ਬਾਰ ਵੜਦਿਆਂ ਹੀ ਆਲ੍ਹੇ ਨੇ ਸਾਰੀ ਦੀ ਸਾਰੀ ਭੋਂਏ ਕਰਮੋ ਦੇ ਨਾਂ ਲੁਆ ਦਿੱਤੀ ਸੀ-ਭਾਵੇ ਇਸ ਲਈ ਕਰਮੋ ਨੇ ਉਸ ਨੂੰ ਕੁਝ ਵੀ ਨਹੀਂ ਸੀ ਕਿਹਾ।

ਹੁਣ ਉਹ ਆਲ੍ਹੇ ਦੇ ਬੱਚੇ ਦੀ ਮਾਂ ਬਨਣ ਵਾਲੀ ਸੀ ਉਸ ਦੇ ਮਨ ਵਿਚ ਆਇਆ ਕਿ ਰੱਬ ਕਰੇ ਉਸ ਦੇ ਮੁੰਡਾ ਹੀ ਹੋਵੇ।ਫੇਰ ਉਸ ਦਾ ਧਿਆਨ ਵਿਹੜੇ ਵਿਚ ਪਾਈ ਸੋਈ ਤੇ ਗਿਆ ਜਿਸ ਨੇ ਉਸ ਨੂੰ ਰਾਹ ਦੇ ਦਿੱਤਾ ਸੀ। ਇੰਨੇ ਨੂੰ ਬਾਹਰੋ ਆਲ੍ਹਾ ਵੀ ਆ ਗਿਆ ਸੀ। ਕਰਮੋ ਅਗੇ ਸੋਈ ਪਈ ਦੇਖ ਉਹ ਮੁੱਛਾਂ ਵਿਚੋਂ ਹੱਸਿਆ।

''ਲੱਗਦਾ ਐ ਐਸੋ ਵੀ ਤੇਰੇ ਮੁੰਡਾ ਹੋਊ"ਆਲ੍ਹੇ ਨੇ ਸੋਈ ਤੱਕ ਕੇ ਕਿਹਾ।

ਦਰਵਾਜੇ ਤੇ ਠੱਕ ਠੱਕ ਦੀ ਆਵਾਜ਼ ਹੋਈ ''ਕੌਣ ਆ" ਕਰਮੋ ਨੇ ਕੁੰਡੇ ਨੂੰ ਹੱਥ ਪਾਉਂਦਿਆਂ ਪੁੱਛਿਆ। ਪਰ ਬਾਹਰੋਂ ਮੁੜ ਕੋਈ ਆਵਾਜ਼ ਨਾ ਆਈ। ਕਰਮੋ ਨੂੰ ਰਤਾ ਗੁੱਸਾ ਆ ਗਿਆ।

''ਆ ਬੀ ਕਿਆ ਮਖੌਲ ਆ ਅੱਧੀ ਰਾਤ ਨੂੰ" ਤੇ ਕਰਮੋ ਨੇ ਝਟਕੇ ਨਾਲ ਦਰਵਾਜ਼ਾ ਖੋਲ੍ਹ ਦਿੱਤਾ ਪਰ ਬਾਹਰ ਦਰਵਾਜ਼ੇ ਅੱਗੇ ਆਲ੍ਹਾ ਨਹੀਂ ਚੰਨਣ ਖੜ੍ਹਾ ਸੀ। ਇਕ ਵਾਰ ਤਾਂ ਕਰਮੋ ਦਾ ਜੀ ਕੀਤਾ ਕਿ ਚੰਨਣ ਨੂੰ ਧਾ-ਗਲਵਕੜੀ ਪਾ ਲਵੇ ਪਰ ਉਸ ਦਾ ਇਕ ਦੰਮ ਆਪਣੇ ਆਪ ਵੱਲ ਧਿਆਨ ਗਿਆ ਤੇ ਉਹ ਠਠੰਬਰ ਕੇ ਉਥੇ ਦੀ ਉਥੇ ਹੀ ਖੜ੍ਹੀ ਰਹਿ ਗਈ।

''ਕਰਮੋ ਚਲ ਘਰ" ਚੰਨਣ ਨੇ ਕਰਮੋ ਨੂੰ ਕਿਹਾ ਜੋ ਫੌਜੀ ਵਰਦੀ ਵਿਚ ਸਜਿਆ ਕਰਮੋ ਦੇ ਦਰ ਅੱਗੇ ਖੜ੍ਹਾ ਸੀ। ਕਰਮੋ

ਦੀ ਧਾਹ ਨਿਕਲ ਗਈ।

"ਕਰਮੋ ਚਲ ਆਪਣੇ ਘਰ" ਮੁੜ ਚੰਨਣ ਨੇ ਕਿਹਾ।

"ਵੇ ਹੁਣ ਮੇਰਾ ਏਹੀ ਘਰ ਆ ਚੰਨਣਾ" ਤੇ ਕਰਮੋ ਨੇ ਠੱਕ ਦੇਣੀ ਦਰਵਾਜ਼ਾ ਬੰਦ ਕਰ ਲਿਆ।

ਚੰਨਣ ਅਜ ਫੇਰ ਕਪਾਹ ਦੇ ਖੇਤ ਵਾਂਗ ਖਿੜੀ ਰਾਤ ਵਿਚ ਕਦ ਤੱਕ ਕਰਮੋ ਦੇ ਬੂਹੇ ਅੱਗੇ ਖੜਿਆ ਰਿਹਾ ਤੇ ਕਦ ਉਥੋਂ ਤੁਰ ਗਿਆ,ਰੱਬ ਜਾਣੇ।

ਸਵੇਰ ਦੀਆਂ ਸੀਤ ਹਵਾਵਾਂ ਨੇ ਪਿੰਡ ਦੇ ਧੁੰਧਲੇ ਤੇ ਓਸ ਭਿੱਜੇ ਵਾਤਾਵਰਨ 'ਚ ਇਸ ਖਬਰ ਦਾ ਛੱਟਾ ਦੇ ਦਿੱਤਾ ਸੀ ਕਿ ਚੰਨਣ ਅਸਲ ਵਿਚ ਅੱਜ ਪੱਕੀ ਨਹਿਰ 'ਚ ਡੁੱਬ ਕੇ ਮਰਿਆ ਹੈ।

(ਕਹਾਣੀ ਸਗ੍ਰਹਿ 'ਉੱਚਾ ਬੁਰਜ ਲਾਹੌਰ ਦਾ' ਵਿੱਚੋਂ)

*ਰੋਪੜ ਦੇ ਨਜ਼ਦੀਕ ਭਿਊਰਾ ਪਿੰਡ ਦੇ ਬਨਵੈਤ ਪਰਿਵਾਰ 'ਚ ਜਨਮੇ ਸ਼੍ਰੀ ਪੁਆਧੀ ਨੇ ਗ੍ਰੈਜੂਏਸ਼ਨ ਸਰਕਾਰੀ ਕਾਲਜ, ਰੋਪੜ ਤੋਂ ਕੀਤੀ। ਉਹ ਫੁੱਟਬਾਲ ਦੇ ਖਿਡਾਰੀ ਤੇ ਭੰਗੜਾ ਟੀਮ ਦੇ ਕੈਪਟਨ ਰਹੇ। ਫਿਰ ਦਿੱਲੀ ਵਿਖੇ ਰਹਿਣ ਲੱਗ ਪਏ। ਕਹਾਣੀਆਂ ਦੀਆਂ ਚਾਰ ਪੁਸਤਕਾਂ - ਗਊ ਤੇ ਸ਼ਰਾਬ, ਪੂਰਾ ਮਰਦ, ਉੱਚਾ ਬੁਰਜ ਲਾਹੌਰ ਦਾ ਅਤੇ ਡੁੱਬਦਾ ਸੂਰਜ ਲਿਖੀਆਂ। ਉਹ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵੀ ਰਹੇ।

## ਫੁੱਲਾਂ ਦੀ ਮਹਿਕ



ਸੀਤਲ ਸਿੰਘ ਸੈਣੀ

ਮਹਿਕ ਫੁੱਲਾਂ ਦੀ ਤਰਸਣ ਸਾਰੇ,
ਜਾਵਾਂ ਇਸ ਤੋਂ ਘੋਲ ਘੁਮਾਈ
ਟਹਿਣੀ ਉੱਤੇ ਟਹਿਕੇ ਜਿਸ ਪਲ,
ਨਜ਼ਰ ਪਿਆਸੀ ਤੱਕੇ ਚਾਈਂ।
ਤੱਕਣ ਵਾਲੇ ਭਾਵੇਂ ਥੱਕਣ ,
ਪਰ ਮੱਥੇ ਵੱਟ ਕਦੇ ਨਾ ਪਾਈਂ।
ਜਿਸ ਪਲ ਤੋੜੇਂ ਲਗ ਜਾਵਾਂ ਸੀਨੇ,
ਬਣ ਫੁੱਲਹਾਰ ਉਸ ਪ੍ਰੀਤਮ ਸਾਈਂ।
ਗਲ ਸੋਹੇਂ ਜਾਂ ਵਿੱਚ ਦਰਬਾਰੇ,
ਮਹਿਕੇਂ-ਟਹਿਕੇਂ ਉਸ ਪਲ ਤਾਈਂ।
ਹਾਰ ਗੁਲਾਬੀ ਬਨਣ ਤੋਂ ਪਹਿਲਾਂ,
ਵਿੱਚ ਸੀਨੇ ਹੱਸ ਛੇਕ ਪੁਆਈਂ।
ਖੁਸ਼ਬੂ ਤੇਰੀ ਅਲਮਸਤ ਬਨਾਵੇ,
ਦੇਖੀਂ ਕਿਧਰੇ ਛੋੜ ਨਾ ਜਾਈਂ।
ਅਰਜ਼ ਕਰਾਂ ਸਦ ਮਹਿਕੇ ਸੀਨੇ,
ਸਾਈਂ ਮਿਲਣ ਤਕ ਤੋੜ ਨਿਭਾਈਂ।

- ਲੁਧਿਆਣਾ

ਅਣਥੱਕ ਪਾਂਧੀ

## ਸ਼੍ਰੀ ਭੁਪਿੰਦਰ ਸਿੰਘ ਸੈਣੀ

ਪ੍ਰਧਾਨ,ਨਗਰ ਕੌਂਸਲ ਡੇਰਾ ਬਸੀ

ਮੋਹਾਲੀ ਜ਼ਿਲ੍ਹੇ ਦੇ ਸ਼ਹਿਰ ਡੇਰਾ ਬਸੀ ਦੀ ਹੱਦ ਅੰਦਰ ਪੈਂਦੇ ਪਿੰਡ ਦੇਵੀ ਨਗਰ ਦੇ ਸੈਣੀ ਪਰਿਵਾਰ ਵਿੱਚ ਸ.ਗੁਰਬਚਨ ਸਿੰਘ ਆਜ਼ਾਦ ਅਤੇ ਮਾਤਾ ਸ਼੍ਰੀਮਤੀ ਨਸੀਬ ਕੌਰ ਦੇ ਘਰ 19 ਮਾਰਚ 1968 ਨੂੰ ਜਨਮੇ ਸ਼੍ਰੀ.ਭੁਪਿੰਦਰ ਸਿੰਘ ਸੈਣੀ ਨੇ ਇੱਕ ਸਾਧਾਰਨ ਨਕਸ਼ਾ ਨਵੀਸ ਤੋਂ ਸਫਰ ਆਰੰਭ ਕਰਕੇ ਨਗਰ ਕੌਂਸਲ ਦਾ ਪ੍ਰਧਾਨ ਬਣਨ ਤੱਕ ਦਾ ਲੰਬਾ ਪੈਂਡਾ ਤੈਅ ਕੀਤਾ ਹੈ।ਸ.ਗੁਰਬਚਨ ਸਿੰਘ ਸਾਬਕਾ ਫੌਜੀ ਅਤੇ ਉਘੇ ਸਾਹਿਤਕਾਰ ਹੋਣ ਦੇ ਨਾਤੇ ਕਈ ਸਾਲਾਂ ਤੱਕ ਲਿਖਾਰੀ ਸਾਹਿਤ ਸਭਾ ਦੇ ਪ੍ਰਧਾਨ ਰਹੇ।ਸ਼੍ਰੀ.ਭੁਪਿੰਦਰ ਸਿੰਘ ਨੇ ਸਰਕਾਰੀ ਕਾਲਜ ਡੇਰਾ ਬਸੀ ਤੋਂ ਗ੍ਰੈਜੂਏਸ਼ਨ ਅਤੇ ਸਿਵਲ ਇੰਜਨੀਅਰਿੰਗ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਕੇ 1987 ਵਿੱਚ ਨਗਰ ਕੌਂਸਲ ਡੇਰਾ ਬਸੀ ਵਿੱਚ ਨਕਸ਼ਾ ਨਵੀਸ ਦਾ ਕੰਮ ਆਰੰਭ ਕਰ ਦਿੱਤਾ।ਇਸ ਦੇ ਨਾਲ ਹੀ ਉਨ੍ਹਾਂ ਨੇ ਸਮਾਜ ਸੇਵਾ ਦੇ ਕੰਮ ਵੀ ਆਰੰਭ ਕਰ ਦਿੱਤੇ।ਉਹ 1994-95 ਵਿੱਚ ਰੋਟਰੀ ਇੰਟਰਨੈਸ਼ਨਲ ਦੇ ਰੋਟਰੈਕਟ ਜ਼ਿਲ੍ਹਾ ਗਵਰਨਰ ਬਣੇ ਅਤੇ ਪੰਜਾਬ,ਹਰਿਆਣਾ ਤੇ ਰਾਜਿਸਥਾਨ ਦੇ 90 ਰੋਟਰੈਕਟ ਕਲੱਬਾਂ ਦੀ ਅਗਵਾਈ ਕੀਤੀ।ਉਹ 1986 ਵਿੱਚ ਡੇਰਾ ਬਸੀ ਦੇ ਨਵੇਂ ਬਣੇ ਰੋਟਰੀ ਕਲੱਬ ਦੇ ਫਾਊਂਡਰ ਪ੍ਰਧਾਨ ਬਣੇ।ਇਨ੍ਹਾਂ ਸਮਾਜ ਸੇਵੀ ਕਾਰਜਾਂ ਬਦਲੇ ਸ.ਭੁਪਿੰਦਰ ਸਿੰਘ ਨੂੰ ਸੰਨ 2000 ਵਿੱਚ ਪੰਜਾਬ ਸਰਕਾਰ ਨੇ 'ਸਟੇਟ ਐਵਾਰਡ ਫਾਰ ਸੋਸ਼ਲ ਸਰਵਿਸ'ਨਾਲ ਸਨਮਾਨਿਤ ਕੀਤਾ।ਇੰਨਾਂ ਹੀ ਨਹੀਂ ਦਿੱਲੀ ਦੀ ਸੂਬਾ ਸਰਕਾਰ ਨੇ ਵੀ ਸ਼੍ਰੀ ਸੈਣੀ ਨੂੰ 'ਪ੍ਰਾਈਡ ਆਫ ਰੋਟਰੀ'ਪ੍ਰਦਾਨ ਕਰਕੇ ਪੂਰੀ ਬਰਾਦਰੀ ਦਾ ਮਾਣ ਵਧਾਇਆ।



ਸ਼੍ਰੀ ਸੈਣੀ ਦਾ ਪਰਿਵਾਰ ਆਪਣੇ ਸ਼ਹਿਰ ਵਿੱਚ ਸਮਾਜ ਸੇਵੀ ਕੰਮਾਂ ਸਦਕਾ ਹਰਮਨ ਪਿਆਰਾ ਹੈ ਜਿਸ ਕਾਰਨ ਆਪ ਦੀ ਪਤਨੀ ਸ਼੍ਰੀਮਤੀ ਰੰਜਨਾਂ ਸੈਣੀ 2008 ਦੀਆਂ ਮਿਊਂਸਪਲ ਚੋਣਾਂ ਸਮੇਂ ਡੇਰਾ ਬਸੀ ਦੇ ਐਮ.ਸੀ.ਚੁਣੇ ਗਏ।ਹੁਣ 2015 ਦੀਆਂ ਚੋਣਾਂ ਵਿੱਚ ਸ਼੍ਰੀ ਭੁਪਿੰਦਰ ਸਿੰਘ ਨੇ ਰਿਕਾਰਡ ਤੋੜ ਜਿੱਤ ਹਾਸਿਲ ਕਰਨ ਉਪਰੰਤ ਸਰਬ ਸੰਮਤੀ ਨਾਲ ਇਸ ਕੌਂਸਲ ਦਾ ਪ੍ਰਧਾਨ ਬਣ ਕੇ ਬੁਲੰਦੀਆਂ ਨੂੰ ਛੋਹਿਆ ਹੈ।ਆਪ ਆਪਣੇ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਉਪਰਾਲਾ ਕਰ ਰਹੇ ਹਨ।ਪ੍ਰਮਾਤਮਾ ਇਸ ਨੌਜਵਾਨ ਸਮਾਜ ਸੇਵੀ ਨੂੰ ਹੋਰ ਵੀ ਉੱਚਾ ਮਾਣ ਬਖਸ਼ੇ।ਸਾਰੀ ਸੈਣੀ ਬਰਾਦਰੀ ਸ਼੍ਰੀ ਭੁਪਿੰਦਰ ਸਿੰਘ 'ਤੇ ਮਾਣ ਕਰਦੀ ਹੈ।

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ



## Sainis in News

Er. Rajwinder Singh

### Lt. Gen. S.K.Saini



Lt.Gen.S. K.Saini is the commandant of the Indian Military Academy (I.M.A.) Dehradun.He is a highly decorated officer of Indian Army.This officer has an illustrious service of more than 36 years at his credit.He is the graduate of the Army Command and Staff course at the Staff College Camberley (U.K.).He has also studied at the Royal College Of Military Science Shrivenhum (U.K.). Lt.Gen Saini is an alumni of the National Defence Academy (N.D.A.)and Indian Military Academy(I.M.A.).He was commissioned to the 7th Battalion of Jat Regiment in june 1981.

Saini has held various staff, instructional and command appointments.He has commanded his battalion,a mountain brigade and a counter insurgency force in J&K.His staff experience includes Brigade Major of an Infantry Brigade, GSOI (Operations) of an infantry Division, BGS of a Corps. Director Military Operations and many other key positions at the Army Headquarter. He has also been the Senior Directing Staff at the National Defence College and a weapon instructor in National Security Guards Training Centre.

Lt.Gen.Saini has been honoured with a number of defence awards both gallantry and distinguished service such as Chief of Army Staff Commendation ,the Army Commander Commendation,the Yudh Seva Medal and the Vishist Seva Medal.He is a gem of Saini Bradri.We all are proud of such a brave soldier of India.May God bless him with still higher positions.

### Manjil Saini (I.P.S.)

Mrs. Manjil saini popularly Known as *lady singham* has been appointed Lucknow's (U.P.) Senior Superindent Of Police (S.S.P.). She is the First Woman Officer of the state to take this post. The 2005 batch I.P.S.officer, Mrs.Saini is a daredevil and inspiring woman officer who cracked the infamous kidney racket scam in Moradabad.



Manjil was born on 9th September, 1975 in New Delhi in a Saini family.She has always been a brilliant student in school and college.She was also known for her keen interest in extracurricular activities such as sports and dancing.After completing her schooling with colours ,she took admission in St.Stephen College New Dehli from where she did B.Sc.(Honours) in Physics.But then she changed her track and joined the prestigious Delhi School of Economics from where she came out as Gold Medalist.Immediately she joined an international company and worked there successfully for three years.But this was not her destiny.God had sent Manjil for service to humanity.So she appeared for U.P.S.C.Civil Services Examination in 2005 and cracked it as Indian Police Service(I.P.S.)in very first attempt.

During her training at Sardar Vallabhbhai Patel National Police Academy in Hyderabad ,Manjil proved to be an excellent athlete.Her first posting as ASP was in Moradabad where she impressed citizens and senior Police Officers with her commitment and honesty to duty.In 2008 as S.P.Moradabad she became an international sensation for unearthing the most inhuman and multi-million kidney scam of India.After getting a simple complaint from a

labourer,she raided in Meerut and Noida in one night with only a few officers.A U.S.based businessman was detained in connection with this racket.

Manjil saini married Jaspal Dehal,her classmate at Delhi School Of Economics in 2000.He runs an export business at Noida.Thus she is India's First married woman I.P.S. Officer. She has one son and one daughter. In 2013 when infamous riots took place at Muzaffar nagar, she was there but was shifted immediatey. It is mostly believed that had she not been transferred from there, the situation would not had been so worst. During her posting in Etawah, Saini was in the news for coming down hard on the unauthorized use of party flags on four wheelers by Samajwadi Party Workers. She is also known for her commitment to discipline.She punished ten quick response team police constables by making them jog around a play ground when they were caught napping inside a police van.

Saini Brabri is proud of its brave and courageous *beti*.

## Engineer Samir Saini



Samir Saini is the new Information Technology Commissioner of Atlanta Housing Authority(A.H.A) in America. He is the son of Sh.Ram Saini belonging to a poor family of Delhi in India. He got his education in ordinary schools and had to memorise lessons in the street light while doing sidewalk. Then his father moved to U.S.A.and Samir got opportunity to be a graduate of New Jersy Institute Of Technology.

Saini began his career at General Electric Compass where he worked for more than nine years and became enterprise Resource Planning Director for G.E.Energy Services.He also served as Vice President for corporate solutions at M.G.M. International Resorts. Since 2010 ,Saini has worked at Atlanta Housing Authority as Chief Information Officer. Where he achieved $4 million in agencywide annual operating cost savings from a multi-year business transformation effort and strategic IT planning.Now Mr.Saini joins city government IT department that provides technology for more than 8000 employees and supports more than 500000 residential and business customers.Whole Saini community feels pleasure to have such international level engineer in its fold.

-Gaziabad

## Letter of a Wellwisher

Our Magazine is a source of passing useful information about our community and is very big link especially for those persons who are far away from Panjab, Haryana and Himachal Pradesh. It is also spreading progressive methods for the overall development of the society. The emphasis and focus on education and skill development for the needy are commendable.

Editorial group is doing a good job. There is always a scope for improvement in any task……It is observed that occasionally ,possibly due to paucity of time available to the editorial group some infirmities crop up and it becomes an avoidable irritant when the Magazine comes out along with such needless errors…

-Advocate Baldev Singh,Mumbai

----Reply----


Respected S. Baldev Singh Ji,

Thanks for your letter containing commendations and useful suggestions for the improvement of the Magazine. The editorial board is sorry for three printing mistakes in the subject matter of issue 21 of Magazine Saini Sansar as mentioned by you. This happens mainly due to paucity of time, space and human error. Nevertheless every caution will be taken to avoid such errors in next issues.

The real story of Henry Kissinger as narrated by you is very educative and suggestive for ordinary persons like us. Kindly continue to send us your critical, wise and useful suggestions for the betterment of magazine and Saini Bhawan.

- Editor

ਨਿਸ਼ਕਾਮ ਸਮਾਜਸੇਵਾ ਨੂੰ ਸਮਰਪਿਤ ਸੈਣੀ ਅਦਾਰਾ



# ਏਕ ਨੂਰ ਸਵੈਸੇਵੀ ਸੰਸਥਾ (ਰਜਿ.) ਪਠਲਾਵਾ, ਜ਼ਿਲ੍ਹਾ ਐੱਸ.ਬੀ.ਐੱਸ. ਨਗਰ

ਤਰਲੋਚਨ ਸਿੰਘ

ਦੁਨੀਆਂ ਦੇ ਸਮੂਹ ਧਰਮ ਮਨੁੱਖਤਾ ਦੀ ਸੇਵਾ ਨੂੰ ਉਤਮ ਕਾਰਜ ਮੰਨਦੇ ਹਨ। ਏਕ ਨੂਰ ਸਵੈ ਸੇਵੀ ਸੰਸਥਾ, ਪਠਲਾਵਾ ਦਾ ਮਿਸ਼ਨ ਮਨੁੱਖਤਾ ਦਾ, ਇਸੇ ਸੇਵਾ ਹਿੱਤ, ਤਨ, ਮਨ ਅਤੇ ਧਨ ਨਾਲ ਨਿਭਣਾ ਹੈ। ਸੰਸਥਾ ਦਾ ਹਰੇਕ ਅਹੁਦੇਦਾਰ ਅਤੇ ਮੈਂਬਰ ਸੱਚੇ ਦਿਲੋਂ, ਸੇਵਾ ਕਾਰਜਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ ਲਈ ਵਚਨਬੱਧ ਹੈ। ਸੰਸਥਾ ਦਾ ਇਹ ਦ੍ਰਿੜ ਸੰਕਲਪ ਹੈ ਕਿ ਵੱਧ ਤੋਂ ਵੱਧ ਲੋੜਵੰਦ ਵਿਅਕਤੀਆਂ ਦੀ ਮਦਦ ਕੀਤੀ ਜਾਵੇ। ਇਸੇ ਲਈ ਵੱਖ-ਵੱਖ ਸੇਵਾ ਕਾਰਜ, ਸੰਸਥਾ ਲਗਾਤਾਰ ਇਵੇਂ ਕਰ ਰਹੀ ਹੈ ਜਿਵੇਂ ਜਿਉਣ ਲਈ ਧਰਤੀ ਤੇ ਵਸਦੇ ਜੀਵ ਸਾਹ ਲੈਂਦੇ ਹਨ। ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਟ੍ਰਾਈਸਾਈਕਲ, ਵੀਲ੍ਹ ਚੇਅਰਾਂ, ਆਰਥਿਕ ਤੌਰ ਤੇ ਕਮਜ਼ੋਰ ਲੜਕੀਆਂ ਅਤੇ ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦੇਣਾ, ਇਲਾਕੇ ਦੇ ਵੱਖ-ਵੱਖ ਸਕੂਲਾਂ ਵਿੱਚ ਹੋਣਹਾਰ ਗਰੀਬ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਲੋੜੀਂਦੀ ਮਦਦ ਕਰਨੀ ਤਾਂ ਜੋ ਆਰਥਿਕ ਘਾਟ ਕਰਕੇ ਉਹ ਵਿਦਿਆ ਵਰਗੀ ਅਨਮੋਲ ਦਾਤ ਤੋਂ ਵਾਂਝੇ ਨਾ ਰਹਿ ਜਾਣ।

ਸੰਸਥਾ ਦਾ ਅਗਲਾ ਸੇਵਾ ਕਾਰਜ ਵੀ ਬਹੁਤ ਮਹੱਤਵਪੂਰਨ ਹੈ। ਉਹ ਹੈ ਸਮਾਜ ਵਿੱਚ ਲੜਕੀਆਂ ਨੂੰ ਵਿਸ਼ੇਸ਼ ਤੌਰ ਤੇ ਕੰਪਿਊਟਰ ਦੀ ਸਿੱਖਿਆ ਨਾਲ ਜੋੜਨਾ। ਜਿਸ ਤਹਿਤ ਹੁਣ ਤੱਕ ਪਿੰਡ ਪਠਲਾਵਾ, ਸੁਰਾਪੁਰ, ਪੋਸੀ ਆਦਿ ਪਿੰਡਾਂ ਵਿੱਚ ਕੰਪਿਊਟਰ ਸਿੱਖਲਾਈ ਕੇਂਦਰ ਖੋਲ੍ਹੇ ਜਾ ਚੁੱਕੇ ਹਨ ਜੋ ਕਿ ਸਫਲਤਾ ਪੂਰਵਕ ਚੱਲ ਰਹੇ ਹਨ। ਅੱਜ ਦੇ ਯੁੱਗ ਵਿੱਚ ਕੰਪਿਊਟਰ ਦੀ ਲੋੜ ਨੂੰ ਮਹਿਸੂਸ ਕਰਦਿਆਂ ਸੰਸਥਾ ਦੇ ਚੇਅਰਮੈਨ ਸ.ਇੰਦਰਜੀਤ ਸਿੰਘ ਵਾਰੀਆ ਅਤੇ ਹੋਰ ਅਹੁਦੇਦਾਰਾਂ ਨੇ ਮਹਿਸੂਸ ਕੀਤਾ ਕਿ ਪੇਂਡੂ ਖੇਤਰ ਵਿੱਚ ਕੰਪਿਊਟਰ ਦੀ ਸਿੱਖਿਆ ਨੂੰ ਵੱਧ ਤੋਂ ਵੱਧ ਲੜਕੀਆਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਉਹ ਸਮੇਂ ਦੀ ਤੋਰ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਸਕਣ। ਭਵਿੱਖ ਵਿੱਚ ਸੰਸਥਾ ਵਲੋਂ ਹੋਰ ਵੀ ਅਨੇਕਾਂ ਕੰਪਿਊਟਰ ਸਿੱਖਲਾਈ ਕੇਂਦਰ ਖੋਲ੍ਹਣ ਦੀ ਤਜਵੀਜ਼ ਹੈ।

ਸਮਾਜ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਦਾ ਉੱਚਾ ਸੁੱਚਾ ਨਿਸ਼ਾਨਾ ਵੀ ਸੰਸਥਾ ਦੇ ਏਜੰਡੇ ਉੱਤੇ ਹੈ। ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸੰਸਥਾ ਵਲੋਂ ਅਜਿਹੇ ਕੈਂਪ ਲਗਾਏ ਜਾਣ ਦੀ ਯੋਜਨਾ ਹੈ ਜਿਨ੍ਹਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਸਾਵਧਾਨ ਕੀਤਾ ਜਾ ਸਕੇ। ਇਸ ਦੇ ਨਾਲ ਹੀ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆਂ ਕਰਵਉਣ ਦਾ ਨਿਸ਼ਾਨਾ ਵੀ ਸਿਖਰ ਉੱਤੇ ਹੈ। ਜਿਸ ਤਹਿਤ ਮਾਹਿਰ ਡਾਕਟਰਾਂ ਨੂੰ ਲੈ ਕੇ ਵੱਖ-ਵੱਖ ਬਿਮਾਰੀਆਂ ਦੇ ਜਾਗਰੂਕਤਾ ਕੈਂਪ ਲਗਾਏ ਜਾਣਗੇ। ਇਨ੍ਹਾਂ ਕੈਂਪਾਂ ਵਿੱਚ ਲੋੜਵੰਦ ਲੋਕਾਂ ਦਾ ਇਲਾਜ ਮੁਫ਼ਤ ਕਰਾਉਣ ਦਾ ਯਤਨ ਕੀਤਾ ਜਾਵੇਗਾ।

ਅਗਲਾ ਸੇਵਾ ਕਾਰਜ ਲੋਕਾਂ ਨੂੰ ਪਾਣੀ ਦੀ ਅਹਿਮੀਅਤ ਤੋਂ ਜਾਣੂੰ ਕਰਵਾਉਣ ਦਾ ਹੈ। ਜਿਸ ਤਰ੍ਹਾਂ ਪਿੰਡਾਂ ਵਿੱਚ ਲੋਕ ਪਾਣੀ ਦੀ ਬੇਕਦਰੀ ਕਰਦੇ ਹਨ ਉਸ ਨੂੰ ਲੈ ਕੇ ਸੰਸਥਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਫਿਕਰਮੰਦ ਹਨ। ਅਜਿਹੇ ਯਤਨ ਕੀਤੇ ਜਾਣਗੇ ਕਿ ਲੋਕਾਂ ਨੂੰ ਪਾਣੀ ਦੀ ਸੁਯੋਗ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਘਰਾਂ ਵਿੱਚ ਪਾਣੀ ਦੀਆਂ ਉਛਲੀਆਂ ਟੈਂਕੀਆਂ ਤੋਂ ਪਾਣੀ ਰੋਕਣ ਲਈ ਟੈਂਕੀਆਂ ਉੱਤੇ ਪਾਣੀ ਰੋਕਣ ਵਾਲੇ ਯੰਤਰ ਲਗਾਉਣ ਦੀ ਯੋਜਨਾ ਪ੍ਰਮੁੱਖ ਤੌਰ ਤੇ ਸੰਸਥਾ ਦੇ ਧਿਆਨ ਵਿੱਚ ਹੈ। ਇਸ ਦੇ ਲਈ ਸੰਸਥਾ ਨੇ ਪਹਿਲ ਕਰਦੇ ਹੋਏ ਪਿੰਡ ਪਠਲਾਵਾ ਵਿਖੇ ਇਸ ਯੋਜਨਾ ਦਾ ਅਮਲ ਵੀ ਅਰੰਭਿਆ ਹੋਇਆ ਹੈ। ਇਸੇ ਤਰ੍ਹਾਂ ਬਿਜਲੀ ਦੀ ਬਚਤ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ, ਵਾਤਾਵਰਨ ਨੂੰ ਅਸ਼ੁੱਧ ਹੋਣ ਤੋਂ ਬਚਾਉਣ ਲਈ ਅੱਗ ਲਗਾਉਣ ਦੇ ਰੁਝਾਨ ਨੂੰ ਰੋਕਣਾ ਵੀ ਸੰਸਥਾ ਦੇ ਸੇਵਾ ਕਾਰਜਾਂ ਵਿੱਚ ਸ਼ਾਮਿਲ ਹੈ।

ਇਸੇ ਸੇਵਾ ਕਾਰਜ ਦਾ ਹਿੱਸਾ ਹੈ ਧਰਤੀ ਤੇ ਵਸਦੇ ਜੀਵਾਂ ਨੂੰ ਸ਼ੁੱਧ ਆਕਸੀਜਨ ਮੁਹੱਈਆ ਕਰਵਾਉਣ ਲਈ ਵੱਧ ਤੋਂ ਵੱਧ ਦਰਖ਼ਤ ਲਗਾਉਣ ਦਾ ਸਿਲਸਿਲਾ। ਜਿਹੜਾ ਕਿ ਕਿਸੇ ਵੀ ਹਾਲਤ ਵਿੱਚ ਸੰਸਥਾ ਵਲੋਂ ਹਰ ਸਾਲ ਜਾਰੀ ਰੱਖਿਆ ਜਾਵੇਗਾ। ਇਸ ਯੋਜਨਾਂ ਨੂੰ ਅਮਲ ਵਿੱਚ ਲਿਆਉਂਦੇ ਹੋਏ ਸੰਸਥਾ ਵਲੋਂ ਹੁਣ ਤੱਕ ਪਿੰਡ ਪਠਲਾਵਾ ਤੋਂ ਲੈ ਕੇ ਲਧਾਣਾ ਉੱਚਾ ਤੱਕ ਅਤੇ ਪਠਲਾਵਾ ਤੋਂ ਲੈ ਕੇ ਪੱਦੀ ਮੱਠਵਾਲੀ ਤੱਕ ਜਾਣ ਵਾਲੀਆਂ ਸੜਕਾਂ ਦੇ ਦੋਵੇਂ ਪਾਸੇ ਛਾਂਦਾਰ, ਸਜਾਵਟੀ ਅਤੇ ਹੋਰ ਕਈ ਪ੍ਰਕਾਰ ਦੇ ਬੂਟੇ ਲਗਾਏ ਜਾ ਚੁੱਕੇ ਹਨ ਜਿਨ੍ਹਾਂ ਨੂੰ ਪਾਲਣ ਲਈ ਸੰਸਥਾ ਵਲੋਂ ਤਨਖ਼ਾਹ ਦੇ ਉੱਤੇ ਬੰਦੇ ਰੱਖੇ ਹੋਏ ਹਨ। ਇਹ ਪ੍ਰੋਜੈਕਟ ਵੀ ਪ੍ਰਮੁੱਖ ਤੌਰ ਤੇ ਸੰਸਥਾ ਵਲੋਂ ਹਰ ਵਰ੍ਹੇ ਜਾਰੀ ਰਹੇਗਾ।

ਅੱਜ ਦੀ ਪੀੜ੍ਹੀ ਨੂੰ ਰੁਜਗਾਰ ਦੇ ਕੰਮਾਂ ਨਾਲ ਜੋੜਨ ਲਈ ਵੱਖ-ਵੱਖ ਕਿੱਤਿਆਂ ਬਾਰੇ ਜਾਣਕਾਰੀ ਦੇਣ ਲਈ ਕੋਚਿੰਗ ਕੈਂਪਾਂ ਦਾ ਆਯੋਜਨ ਕਰਨ ਦਾ ਟੀਚਾ ਵੀ ਮਿਥਿੱਆ ਗਿਆ ਹੈ। ਜਿਸ ਤਹਿਤ ਵੱਖ-ਵੱਖ ਮਾਹਿਰਾਂ ਨੂੰ ਬੁਲਾ ਕੇ ਇਨ੍ਹਾਂ ਕੈਂਪਾਂ ਵਿੱਚ ਕਿੱਤਾ ਮੁਖੀ ਸਿੱਖਿਆ ਦਾ ਪਸਾਰ ਕਰਨਾ ਵੀ ਸੰਸਥਾ ਦਾ ਮੁੱਖ ਉਦੇਸ਼ ਹੈ। ਇਸੇ ਤਰ੍ਹਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੰਮ ਕਰਨ ਵਾਲੇ ਲੋਕਾਂ ਲਈ, ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਫ਼ੌਜੀ ਭਰਾਵਾਂ ਦੀ ਲੋੜ ਪੈਣ ਤੇ ਸਹਾਇਤਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਦੇਸ਼ ਵਿੱਚ ਆਉਣ ਵਾਲੀਆਂ ਕੁਦਰਤੀ ਆਫਤਾਂ ਨੂੰ ਕੱਟਣ ਲਈ ਆਰਥਿਕ ਮਦਦ ਭੇਜਣਾ ਵੀ ਸੰਸਥਾ ਕਦੇ ਨਹੀਂ ਭੁੱਲਦੀ ਅਤੇ ਨਾ ਹੀ ਭੁੱਲੇਗੀ। ਅਜਿਹਾ ਕਹਿਣਾ ਹੈ ਸੰਸਥਾ ਦੇ ਚੇਅਰਮੈਨ ਸ. ਇੰਦਰਜੀਤ ਸਿੰਘ ਵਾਰੀਆ ਦਾ। ਵੱਖ-ਵੱਖ

ਸੰਸਥਾਵਾਂ ਰਾਹੀਂ ਸਮਾਜ ਦੀ ਸੇਵਾ ਕਰਨ ਵਾਲੀਆਂ ਉੱਚੀਆਂ ਸੁੱਚੀਆਂ ਸ਼ਖਸ਼ੀਅਤਾਂ ਨੂੰ ਸਮੇਂ-ਸਮੇਂ ਬਣਦਾ ਮਾਣ ਤਾਣ ਦੇਣਾ ਵੀ ਸੰਸਥਾ ਆਪਣਾ ਫ਼ਰਜ਼ ਸਮਝਦੀ ਹੈ ਜਿਸ ਦੇ ਲਈ ਉਹ ਆਪਣੇ ਧੰਨ ਭਾਗ ਸਮਝਦੀ ਹੈ।

ਪਿੰਡਾਂ ਅਤੇ ਸ਼ਹਿਰਾਂ ਵਿੱਚ ਪੜ੍ਹੀਆਂ ਲਿਖੀਆਂ ਲੜਕੀਆਂ ਨੂੰ ਕਿੱਤਾ ਮੁਖੀ ਸਿਖਲਾਈ ਦੇਣ ਲਈ ਸਿਲਾਈ ਸੈਂਟਰ ਖੋਲ੍ਹਣੇ ਸੰਸਥਾ ਦਾ ਮਨੋਰਥ ਹੈ। ਜਿਸ ਤਹਿਤ ਹੁਣ ਤੱਕ ਸੰਸਥਾ ਵਲੋਂ ਤਕਰੀਬਨ 146 ਦੇ ਕਰੀਬ ਸਿਲਾਈ ਸੈਂਟਰ ਖੋਲ੍ਹੇ ਜਾ ਚੁੱਕੇ ਹਨ। ਆਉਣ ਵਾਲੇ ਸਮੇਂ ਵਿੱਚ ਸੰਸਥਾ ਦਾ ਮਿਸ਼ਨ ਹੈ ਕਿ ਇਨ੍ਹਾਂ ਸਿਲਾਈ ਸੈਂਟਰਾਂ ਦੀ ਗਿਣਤੀ ਹੋਰ ਵਧਾਕੇ ਪੇਂਡੂ ਲੜਕੀਆਂ ਨੂੰ ਵੱਧ ਤੋਂ ਵੱਧ ਇਸ ਕਿੱਤਾ ਮੁਖੀ ਸਿੱਖਿਆ ਨਾਲ ਜੋੜਿਆ ਜਾਵੇ ਤਾਂ ਜੋ ਸੰਸਥਾਂ ਦੇ ਬਾਨੀ ਸਰਪ੍ਰਸਤ ਸਵ. ਸ. ਮਹਿੰਦਰ ਸਿੰਘ ਵਾਰੀਆ ਦਾ ਸੁਪਨੇ ਨੂੰ ਪੂਰਾ ਕੀਤਾ ਜਾ ਸਕੇ।

ਬੱਚਿਆਂ ਵਿੱਚ ਧਾਰਮਿਕ ਰੁੱਚੀ ਪੈਦਾ ਕਰਨ ਲਈ ਸੰਸਥਾ ਵਲੋਂ ਇਕ ਧਾਰਮਿਕ ਵਿੰਗ ਦੀ ਸਥਾਪਨਾ ਕੀਤੀ ਗਈ ਹੈ ਜਿਸ ਦੇ ਮੁਖੀ ਜਥੇਦਾਰ ਸਵਰਨਜੀਤ ਸਿੰਘ ਪਠਲਾਵਾ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਨੂੰ ਬਣਾਇਆ ਗਿਆ ਹੈ। ਇਸ ਤਹਿਤ ਸਭ ਤੋਂ ਪਹਿਲਾਂ ਪਿੰਡ ਪਠਲਾਵਾ ਵਿਖੇ ਬੱਚਿਆਂ ਲਈ ਸੰਗੀਤ ਵਿਦਿਆਲਾ ਖੋਲ੍ਹਿਆ ਗਿਆ ਤੇ ਇਸ ਤੋਂ ਇਲਾਵਾ ਗੁਰਬਾਣੀ ਦੇ ਪਾਠ-ਉਚਾਰਣ ਵੀ ਕਰਵਾਇਆ ਜਾਂਦਾ ਹੈ। ਸੰਸਥਾ ਦੇ ਚੇਅਰਮੈਨ ਸ. ਇੰਦਰਜੀਤ ਸਿੰਘ ਵਾਰੀਆ ਦਾ ਇਹ ਸੁਪਨਾ ਸਾਕਾਰ ਕਰਨ ਹਿੱਤ ਇਲਾਕੇ ਵਿੱਚ ਵੱਧ ਤੋਂ ਵੱਧ ਸੰਗੀਤ-ਸਿਖਲਾਈ ਵਿਦਿਆਲੇ ਖੋਲ੍ਹੇ ਜਾਣਗੇ।

ਸਮਾਜਿਕ ਕਦਰਾਂ ਕੀਮਤਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਹਿੱਤ ਸੰਸਥਾ ਹਮੇਸ਼ਾ ਯਤਨ ਸ਼ੀਲ ਰਹੇਗੀ। ਸਮਾਜ ਵਿੱਚ ਬਜ਼ੁਰਗਾਂ ਦਾ ਘੱਟ ਰਿਹਾ ਸਤਿਕਾਰ ਵੀ ਚਿੰਤਾ ਦਾ ਵਿਸ਼ਾ ਹੈ। ਸੰਸਥਾ ਇਸ ਮਕਸਦ ਲਈ ਆਮ ਸਮਾਜ ਨੂੰ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਇਨ੍ਹਾਂ ਸਮਾਜਿਕ ਕਦਰਾਂ ਕੀਮਤਾਂ ਦੇ ਫੈਲਾਓ ਹਿੱਤ ਪ੍ਰੋਗਰਾਮ ਉਲੀਕਦੀ ਰਹੇਗੀ। ਸਮਾਜ ਵਿਚੋਂ ਭਰੂਣ ਹੱਤਿਆਵਾਂ ਵਰਗੀਆਂ ਸਮਾਜਿਕ ਕੁਰੀਤੀਆਂ ਨੂੰ ਠੱਲ ਪਾਉਣ ਲਈ ਯਤਨ ਅਤੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਕਿੱਤਾ ਮੁਖੀ ਸਿੱਖਿਆ ਦੇ ਪਸਾਰ ਦਾ ਯਤਨ ਜਾਰੀ ਰਹੇਗਾ ਤਾਂ ਜੋ ਲੜਕੀਆਂ ਆਪਣੀ ਜ਼ਿੰਦਗੀ ਵਿੱਚ ਦਰਪੇਸ਼ ਸਮੱਸਿਆਵਾਂ ਦਾ ਆਸਾਨੀ ਨਾਲ ਟਾਕਰਾ ਕਰ ਸਕਣ। ਅਜਿਹੇ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਉਣ ਨਾਲ ਹੀ ਇਹਨਾਂ ਸਮਾਜਿਕ ਕੁਰੀਤੀਆਂ ਨੂੰ ਸਮਾਜ ਵਿਚੋਂ ਖ਼ਤਮ ਕੀਤਾ ਜਾ ਸਕੇਗਾ। ਇਸ ਲਈ ਸੰਸਥਾ ਦ੍ਰਿੜ ਸੰਕਲਪ ਹੈ।

ਖੇਡਾਂ ਤੇ ਮਹੱਤਵ ਨੂੰ ਸਮਝਦੇ ਹੋਏ ਸੰਸਥਾ ਵਲੋਂ ਖੇਡਾਂ ਦੀ ਤਰੱਕੀ ਲਈ ਖੁਦ ਵੀ ਕੰਮ ਕੀਤਾ ਜਾਂਦਾ ਹੈ ਨਾਲ ਹੀ ਜਿਹੜੀਆਂ ਸੰਸਥਾਵਾਂ ਵੱਖ-ਵੱਖ ਖੇਡਾਂ ਨੂੰ ਉਤਸ਼ਾਹਿਤ ਕਰਦੀਆਂ ਹਨ ਉਨ੍ਹਾਂ ਨੂੰ ਆਰਥਿਕ ਮਦਦ ਦੇ ਕੇ ਸਹਿਯੋਗ ਦੇਣਾ ਵੀ ਸੰਸਥਾ ਦਾ ਪ੍ਰਮੁੱਖ ਟੀਚਾ ਹੈ। ਇਸ ਤਰ੍ਹਾਂ ਹੋਰ ਵੀ ਸਮੇਂ-ਸਮੇਂ ਜਿਹੜੇ ਸਮਾਜ ਸੇਵੀ ਕਾਰਜ ਅੱਗੇ ਆਉਣਗੇ ਸੰਸਥਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਨ ਤਨ,ਮਨ ਅਤੇ ਧਨ ਨਾਲ ਉਨ੍ਹਾਂ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਲਈ ਡਟੇ ਰਹਿਣਗੇ। ਇਸਦੇ ਲਈ ਸੰਸਥਾ ਸਦਾ ਹੀ ਸਮਾਜ ਤੋਂ ਸਹਿਯੋਗ ਦੀ ਮੰਗ ਕਰਦੀ ਰਹੇਗੀ। ਇਸ ਸਹਿਯੋਗ ਲਈ ਸੰਸਥਾ ਤਹਿ ਦਿਲੋਂ ਧੰਨਵਾਦ ਕਰਦੀ ਰਹੇਗੀ।

-ਪਿੰਡ ਪਠਲਾਵਾ, ਜ਼ਿਲ੍ਹਾ ਐੱਸ.ਬੀ.ਐੱਸ. ਨਗਰ



## ਰਹਿਬਰ

ਪ੍ਰੋ. ਮਲਕੀਅਤ ਸਿੰਘ ਸੈਣੀ

ਖੁਦ ਹੀ ਭਟਕ ਗਏ ਨੇ,
ਰਹਿਬਰ ਕਹਾਉਣ ਵਾਲੇ।
ਖੁਦਗਰਜ਼ ਹੋ ਗਏ ਲੋਕੀਂ, ਮਾਰੇ ਦਿਲਾਂ ਨੂੰ ਤਾਲੇ,
ਭੁੱਲੇ ਪਿਆਰ ਕਰਨਾ,ਹੱਥ ਨਫ਼ਰਤਾਂ ਨੇ ਜਾਲੇ,
ਬੱਚੇ ਫਰਜ਼ ਨੇ ਭੁੱਲੇ,ਹੱਥੀਂ ਨੇ ਜਿਹੜੇ ਪਾਲੇ,
ਮਿਹਨਤ ਹੈ ਕਰਨੀ ਛੱਡੀ,ਲੱਭਦੇ ਨੇ ਕੰਮ ਸੁਖਾਲੇ।
ਖੁਦ ਹੀ ਭਟਕ ਗਏ ਨੇ,ਰਹਿਬਰ ਕਹਾਉਣ ਵਾਲੇ।

ਮੰਗੋ ਭਲਾ ਜੀ ਸਭ ਦਾ,ਨਾਨਕ ਨੇ ਇਹ ਸਿਖਾਇਆ,
ਹੈ ਕਿਰਤ ਕਰਨੀ ਚੰਗੀ,ਬਾਣੀ ਨੇ ਇਹ ਸਿਖਾਇਆ,
ਸਭ ਵੰਡ ਖਾਓ ਵੀਰੋ,ਮਾਰਗ ਹੈ ਸੱਚ ਵਿਖਾਇਆ,
ਪਰ ਅੱਜ ਦੇ ਰਹਿਬਰਾਂ ਨੇ,ਪੁੱਠੇ ਹੀ ਰਸਤੇ ਪਾਇਆ,
ਭੈੜੇ ਇਨ੍ਹਾਂ ਦੇ ਕਾਰੇ,ਉਲਟੇ ਇਨ੍ਹਾਂ ਦੇ ਚਾਲ।
ਖੁਦ ਹੀ ਭਟਕ ਗਏ ਨੇ ,ਰਹਿਬਰ ਕਹਾਉਣ ਵਾਲੇ।

ਪਰਿਵਾਰ ਇੱਕ ਬਣੋ ਜੀ,ਦੁਨੀਆਂ ਦੇ ਲੋਕੋ ਸਾਰੇ,
ਆਕਾਸ਼ ਗੰਗਾ ਬਣ ਕੇ,ਚਮਕੋ ਜੀ ਬਣ ਕੇ ਤਾਰੇ,
ਕੋਈ ਨਹੀ ਬੇਗਾਨਾ,ਆਪਣੇ ਨੇ ਵੀਰ ਸਾਰੇ,
ਨਾ ਕੋਈ ਵੈਰੀ ਨਾ ਹੀ ਬੇਗਾਨਾ,
ਸਭਨਾ ਸੰਗ ਹਮਰੀ ਬਣ ਆਈ,
ਸਾਰੇ ਬਣੋ ਜੀ ਆਪਣੇ,ਇੱਕੋ ਹੀ ਨੂਰ ਸਾਰੇ।
ਖੁਦ ਹੀ ਭਟਕ ਗਏ ਨੇ,ਰਹਿਬਰ ਕਹਾਉਣ ਵਾਲੇ।

-ਮਹਿਤਪੁਰ (ਹੁਸ਼ਿਆਰਪੁਰ)

ਅਜੋਕੀ ਰਾਜਨੀਤੀ ਦਾ ਸੱਚ

# ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਡਾ. ਮਲਕੀਅਤ ਸਿੰਘ ਸੈਣੀ
ਡੀ.ਐੱਸ.ਸੀ.



ਪੰਜਾਬ ਵਿਚ ਅਗਲੇ ਵਰ੍ਹੇ ਦੇ ਸ਼ੁਰੂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਦੰਗਲ ਦਾ ਬਿਗਲ ਵੱਜ ਗਿਆ ਹੈ। ਬੱਸ ਥੋੜ੍ਹੀ ਦੇਰ ਤੱਕ ਲੰਗਰ-ਲੰਗੋਟੇ ਕੱਸ ਕੇ ਭਲਵਾਨ ਅਖਾੜੇ ਵਿਚ ਨਿਤਰਨੇ ਸ਼ੁਰੂ ਹੋ ਜਾਣਗੇ। ਪੰਜਾਂ ਸਾਲਾਂ ਤੋਂ ਲਗਾਤਾਰ ਵਿਸ਼ ਘੋਲਦੇ, ਬੈਠਕਾਂ ਮਾਰਦੇ, ਡੰਡੇ ਪੇਲਦੇ ਤੇ ਇਕ ਦੂਜੇ ਨੂੰ ਵੰਗਾਰਦੇ ਭਲਵਾਨ। ਕੁੰਡੀਆਂ ਮੁੱਛਾਂ, ਫਰਕਦੇ ਡੌਲੇ, ਲਾਲ ਅੱਖਾਂ ਤੇ ਪੱਟਾਂ 'ਤੇ ਥਾਪੀਆਂ ਮਾਰਦੇ ਭਲਵਾਨ। ਇਕ ਦੂਜੇ ਦੇ ਪੋਤੜੇ ਫਰੋਲਦੇ, ਗਾਲਾਂ ਕੱਢਦੇ, ਧਮਕੀਆਂ ਦੇਂਦੇ ਤੇ ਗੁੰਡਾਗਰਦੀ'ਤੇ ਉਤਾਰੂ ਭਲਵਾਨ। ਆਮ ਜਨਤਾ ਨੂੰ ਲਾਰੇ ਲਾਉਂਦੇ, ਪਾਗਲ ਬਣਾਉਂਦੇ, ਵਰਤ ਟਪਾਉਂਦੇ ਤੇ ਰੰਗੀਨ ਸੁਪਨੇ ਵਿਖਾਉਂਦੇ ਭਲਵਾਨ। ਕੁੱਝ ਕੁ ਨਵੇਂ ਚਿਹਰਿਆਂ ਨੂੰ ਛੱਡ ਕੇ, ਪੁਰਾਣੇ, ਘਸੇ-ਪਿਟੇ ਤੇ ਜੰਗਾਲੇ ਹੋਏ ਭਲਵਾਨ। ਸਟੇਜਾਂ 'ਤੇ ਚੜ੍ਹ ਕੇ ਬਾਹਾਂ ਉਲਾਰਦੇ, ਨਾਹਰੇ ਮਾਰਦੇ, ਗਲਾਂ 'ਚ ਹਾਰ ਪੁਆਉਂਦੇ ਤੇ ਨਾਸਾਂ 'ਚੋਂ ਨੂਹੇਂ ਕੇਰਦੇ ਭਲਵਾਨ। ਉਂਗਲੀਆਂ 'ਤੇ ਗਿਣਨਯੋਗ, ਟਾਵੇਂ ਟਾਵੇਂ ਜ਼ਿਆਦਾਤਰ ਦਸਵੀਂ ਫੇਲ੍ਹ ਤੇ ਕਈ ਅੰਗੂਠਾ ਛਾਪ ਭਲਵਾਨ। ਵੇਖਦੇ ਹਾਂ ਕਿਹੜਾ ਮਾਈ ਦਾ ਲਾਲ ਅਖਾੜੇ 'ਚੋਂ ਮੱਲ ਮਾਰ ਕੇ ਜਾਂਦਾ ਹੈ।

ਜਨਤਾ ਤੋਂ ਵੋਟਾਂ ਦੀ ਭੀਖ ਮੰਗਣ ਲਈ ਪੰਜਾਂ ਸਾਲਾਂ ਤੋਂ ਤਣੇ ਹੋਏ ਮੁੱਕੇ ਥੋੜ੍ਹੇ ਚਿਰ ਲਈ ਜੁੜੇ ਹੋਏ ਹੱਥਾਂ ਵਿਚ ਬਦਲ ਜਾਣਗੇ। ਵੋਟਾਂ ਲਈ ਅੱਡੀ ਹੋਈ ਝੋਲੀ ਭਰਨ ਲਈ ਹਰ ਹੀਲਾ ਵਸੀਲਾ ਵਰਤਿਆ ਜਾਵੇਗਾ। ਤਰਲੇ, ਮਿੰਨਤਾਂ, ਲਿਲਕੜੀਆਂ, ਜੋਦੜੀਆਂ, ਫ਼ਰਿਆਦਾਂ। ਧਰਮਾਂ, ਜਾਂਤਾ ਤੇ ਮਜ਼੍ਹਬਾਂ ਦੇ ਨਾਂ ਤੇ ਵੋਟਾਂ। ਮੰਦਰਾਂ, ਮਸਜਿਦਾਂ, ਗੁਰਦੁਆਰਿਆਂ ਤੇ ਮਸੀਤਾਂ ਦੇ ਨਾਂ 'ਤੇ ਵੋਟਾਂ। ਗੁਰੂਆਂ, ਪੀਰਾਂ ਮਸੰਦਾਂ, ਰਿਸ਼ੀਆਂ-ਮੁਨੀਆਂ ਤੇ ਭਗਤਾਂ ਦੇ ਨਾਂ 'ਤੇ ਵੋਟਾਂ। ਧਰਮੀਆਂ, ਕਰਮੀਆਂ, ਸੰਤਾਂ ਤੇ ਸਾਧਾਂ ਦੇ ਨਾ ਤੇ ਵੋਟਾਂ। ਸ਼ਹੀਦਾਂ ਤੇ ਸ਼ਹਾਦਤਾਂ ਦੇ ਨਾਂ ਤੇ ਵੋਟਾਂ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਂ ਤੇ ਵੋਟਾਂ। ਸ਼ਗਨਾਂ, ਸਾਈਕਲਾਂ ਤੇ ਸੇਵਾ ਦੇ ਨਾਂ 'ਤੇ ਵੋਟਾਂ। ਨੌਕਰੀਆਂ ਅਹੁਦਿਆਂ ਸਨਮਾਨਾਂ ਤੇ ਇਨਾਮਾਂ ਦੇ ਨਾਂ 'ਤੇ ਵੋਟਾਂ । ਸੰਗਤ ਦਰਸ਼ਨਾਂ ਤੇ ਤੀਰਥ-ਦਰਸ਼ਨਾਂ ਦੇ ਨਾਂ 'ਤੇ ਵੋਟਾਂ । ਮੁਫ਼ਤ ਬਿਜਲੀ, ਮੁਫ਼ਤ ਪਾਣੀ ਤੇ ਮੁਫ਼ਤ ਵਿਦਿਆ ਦੇ ਨਾਂ 'ਤੇ ਵੋਟਾਂ। ਵਿਰੋਧੀ ਭਲਵਾਨਾਂ ਨੂੰ ਗਾਲਾਂ ਕੱਢਣ, ਨਿੰਦਣ, ਕੋਸਣ ਤੇ ਭੰਡਣ ਦੀ ਡਿਗਰੀ ਦੇ ਨਾਂ 'ਤੇ ਵੋਟਾਂ। ਮੁੱਕਦੀ ਗੱਲ ਕਿ ਵੋਟਾਂ ਖਾਤਰ ਸੱਭ ਅਸੂਲ, ਜ਼ਮੀਰ, ਕਰਮ, ਧਰਮ, ਸ਼ਰਮ ਛਿੱਕੇ ਟੰਗ ਦਿਤੇ ਜਾਣਗੇ। ਸਕੇ ਸਬੰਧੀ , ਆਪਣੇ ਪਰਾਏ, ਦੋਸਤ ਮਿੱਤਰ, ਮਾੜੇ ਚੰਗੇ ਸੱਭ ਦੀ ਬਲੀ ਦੇ ਦਿੱਤੀ ਜਾਵੇਗੀ। ਪਾਖੰਡੀ 'ਤੇ ਢੋਂਗੀ ਸਾਧਾਂ-ਸੰਤਾਂ ਵਾਗੂੰ ਹਰ ਕਿਸੇ ਨੂੰ ਮੂੰਹ ਮੰਗੀਆਂ ਮੁਰਾਦਾਂ ਦਿੱਤੀਆਂ ਜਾਣਗੀਆਂ। ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦੇ ਆਸਰੇ ਬਣਨ ਦੇ ਵਾਅਦੇ ਕੀਤੇ ਜਾਣਗੇ। ਨੋਟਾਂ ਨਾਲ ਵੋਟਾਂ ਦਾ ਤਬਾਦਲਾ ਕੀਤਾ ਜਾਵੇਗਾ। ਡੋਡੇ, ਅਫ਼ੀਮ, ਨਸ਼ਿਆਂ, ਸ਼ਰਾਬਾਂ ਤੇ ਭੁੱਕੀ ਦੇ ਖੁਲ੍ਹੇ ਤੇ ਅਟੁੱਟ ਲੰਗਰ ਵਰਤਣਗੇ। ਜਿੰਦਾਂ ਦਾ ਮੂੰਹ, ਓਦਾਂ ਦੀ ਚਪੇੜ। ਅਮਲੀਆਂ ਨੂੰ ਨਸ਼ੇ, ਬੇਰੁਜ਼ਗਾਰਾਂ ਨੂੰ ਨੌਕਰੀਆਂ, ਪਾਰਟੀ ਵਰਕਰਾਂ ਨੂੰ ਅਹੁਦੇ, ਪੜ੍ਹਿਆਂ ਲਿਖਿਆਂ ਨੂੰ ਇਨਾਮ, ਭੋਲੀ ਭਾਲੀ ਆਮ ਜਨਤਾ ਨੂੰ ਮੁਢਲੀਆਂ ਸੁਖ ਸਹੂਲਤਾਂ, ਜ਼ਿਮੀਦਾਰਾਂ ਨੂੰ ਜਿਣਸਾਂ ਦੀਆਂ ਕੀਮਤਾਂ ਤੇ ਹੋਰ ਸਬਸਿਡੀਆ, ਨੌਕਰੀ ਵਾਲਿਆਂ ਤੇ ਬਜ਼ੁਰਗਾਂ ਨੂੰ ਪੈਨਸ਼ਨਾਂ , ਦੁਕਾਨਦਾਰਾਂ ਤੇ ਛੋਟੇ ਵਪਾਰੀਆਂ ਨੂੰ ਟੈਕਸਾਂ ਤੇ ਚੁੰਗੀ ਆਦਿ ਵਿਚ ਛੋਟਾਂ ਤੇ ਭ੍ਰਿਸ਼ਟਾਚਾਰ ਮੁਕਤ ਸਮਾਜ ਦੀ ਸਿਰਜਣਾ ਦੇ ਲਾਰੇ ਲਾਉਣ ਦੇ ਨਾਲ-ਨਾਲ ਚੰਗੇ ਦਿਨ ਆਉਣ ਦੇ ਵਾਅਦੇ ਕੀਤੇ ਜਾਣਗੇ।

ਵਾਅਦਿਆਂ ਤੋਂ ਮੈਨੂੰ ਇਕ ਗੱਲ ਯਾਦ ਆਈ। ਇਕ ਵਾਰ ਇਕ ਜੱਟ ਦਾ ਝੋਟਾਂ ਗਵਾਚ ਗਿਆ। ਬੜੀ ਕੋਸ਼ਿਸ਼ ਕੀਤੀ, ਥਾਣੇ ਰਪਟ ਵੀ ਲਿਖਵਾਈ, ਦੌੜ ਭੱਜ ਵੀ ਕੀਤੀ ਪਰ ਝੋਟਾ ਹੱਥ ਨਾ ਲੱਗਾ। ਸੱਭ ਪਾਸਿਆਂ ਤੋਂ ਨਿਰਾਸ਼ ਜੱਟ ਨੂੰ ਅਖ਼ੀਰ ਕਿਸੇ ਨੇ ਦੱਸ ਪਾਈ ਕਿ ਕੁੰਡਲਾਂ ਵਾਲੇ ਪੀਰ ਦੀ ਦਰਗਾਹ ਤੇ ਸੁਖਣਾ ਸੁੱਖ, ਪੀਰ ਮਿਹਰ ਕਰੇਗਾ। ਮਰਦਾ ਕੀ ਨਾ ਕਰਦਾ, ਜੱਟ ਆਪਣੇ ਇਕ ਦੋਸਤ ਨੂੰ ਨਾਲ ਲੈ ਕੇ ਕੁੰਡਲਾਂ ਵਾਲੇ ਪੀਰ ਦੀ ਦਰਗਾਰ 'ਤੇ ਜਾ ਪਹੁੰਚਿਆਂ ਤੇ ਸੁਖਣਾ ਸੁੱਖੀ ਕਿ ਹੇ ਬਾਬਾ ਕੁੰਡਲਾਂ ਵਾਲਿਆ ਜੇ ਮੇਰਾ ਝੋਟਾਂ ਲੱਭ ਜਾਏ ਤਾਂ ਮੈਂ ਤੇਰੀ ਦਰਗਾਹ 'ਤੇ ਪੰਜਾ ਸੌ ਰੁਪਏ ਦਾ ਪ੍ਰਸ਼ਾਦ ਚੜ੍ਹਾਵਾਂ। ਸੁਖਣਾ ਸੁੱਖ ਕੇ ਵਾਪਸ ਮੁੜਦਿਆਂ ਰਾਹ ਵਿਚ ਇਕ ਗੁਰੂਦੁਆਰਾ ਸੀ। ਦੁਖੀ ਜੱਟ ਨੇ ਉਥੇ ਵੀ ਜਾ ਮੱਥਾ ਟੇਕਿਆ ਤੇ ਗਲ ਵਿਚ ਪੱਲਾ ਪਾ ਕੇ ਅਰਦਾਸ ਕੀਤੀ ਕਿ ਹੇ ਸੱਚਿਆ ਪਾਤਸ਼ਾਹ! ਜੇ ਮੇਰਾ ਝੋਟਾ ਲੱਭ ਜਾਵੇ ਤਾਂ ਤੇਰੇ ਦਰ 'ਤੇ 500 ਰੁਪਏ ਚੜ੍ਹਾਵਾਂ। ਘਰ ਪਹੁੰਚਣ ਤੋਂ ਪਹਿਲਾਂ ਜੱਟ ਦੇ ਦੋਸਤ ਨੇ ਕਿਹਾ ਕਿ ਯਾਰ ਪਿੰਡ ਦੇ ਬਾਹਰਵਾਰ ਇਕ ਮੰਦਰ ਹੈ, ਜੇ ਲਗਦੇ ਹੱਥ ਉਥੇ ਵੀ ਹੋ ਚੱਲੀਏ ਤਾਂ ਕੀ ਹਰਜ਼ ਹੈ? ਹੋ ਸਕਦੈ ਰੱਬ ਖ਼ੈਰ ਪਾ ਦੇਵੇ। ਜੱਟ ਦੋਸਤ ਦੀ ਗੱਲ ਮੰਨ ਕੇ ਮੰਦਰ ਦੀ ਸਰਦਲ ਵੀ ਲੰਘ ਗਿਆ ਤੇ ਟੱਲ ਖੜਕਾ ਕੇ ਅਰਜ਼ ਕੀਤੀ ਕਿ ਸੱਭ ਦੇ ਕਸ਼ਟ ਨਿਵਾਰਣ ਵਾਲੇ ਦੇਵਤਾ! ਜੇ ਮੇਰਾ ਝੋਟਾ ਲੱਭ ਜਾਏ ਤਾਂ ਮੈਂ 500 ਰੁਪਏ ਤੇਰੀ ਗੋਲਕ ਵਿਚ ਪਾਵਾਂਗਾ ਘਰ ਪਹੁੰਚ ਕੇ ਜੱਟ ਦਾ ਦੋਸਤ ਬੋਲਿਆ, ਯਾਰ ਇਕ ਗੱਲ ਦੱਸ। ਜੇ ਝੋਟਾ ਮਿਲ ਗਿਆ ਤਾਂ ਮਸੀਤਾਂ, ਗੁਰਦੁਵਾਰਿਆਂ, ਮੰਦਰਾਂ 'ਚ ਜਿੰਨੇ ਪੈਸੇ ਦੀਆਂ ਸੁੱਖਾਂ ਤੂੰ ਸੁੱਖ ਕੇ ਆਇਐਂ, ਓਨੇ ਦਾ ਤਾਂ ਝੋਟਾ ਵੀ ਨਹੀਂ। ਜੱਟ ਕਿਹੜਾ ਘੱਟ ਸਿਆਸਤਦਾਨ ਸੀ। ਕਹਿਣ ਲੱਗਾ, ਇੱਕ ਵਾਰ ਝੋਟੇ ਦਾ ਸਿੰਗ ਮੇਰੇ ਹੱਥ ਵਿਚ ਆ ਲੈਣ ਦੇ, ਫਿਰ ਇਨ੍ਹਾਂ ਸੁੱਖਾਂ ਤੇ ਵਾਅਦਿਆਂ ਨੂੰ ਕੌਣ ਪੁਛਦੈਂ।

ਇਹੋ ਹਾਲ ਸਾਡੇ ਸਿਆਸਤੀ ਭਲਵਾਲਾਂ ਦਾ ਹੈ। ਇਕ ਵਾਰ ਇਨ੍ਹਾਂ ਦੇ ਹੱਥ 'ਚ ਪੰਜ ਕਲਿਆਣੀ ਝੋਟੇ ਦਾ ਸਿੰਗ ਆ ਗਿਆ, ਫਿਰ ਪੰਜਾ ਸਾਲਾਂ ਲਈ ਤੂੰ ਕੌਣ , ਮੈਂ ਕੌਣ।

ਥੋੜ੍ਹੇ ਚਿਰ ਲਈ ਇਨ੍ਹਾਂ ਦੀਆਂ ਨੀਵੀਆਂ ਅੱਖਾਂ, ਝੁਕੀ ਹੋਈ ਗਰਦਨ ਤੇ ਜੁੜੇ ਹੋਏ ਹੱਥਾਂ ਦੀਆਂ ਫ਼ੋਟੋਆਂ ਅਖ਼ਬਾਰਾਂ ਦੇ ਪੰਨਿਆਂ 'ਤੇ ਛਾ ਜਾਣਗੀਆਂ। ਹਨੇਰੇ ਤਹਿਖ਼ਨਿਆਂ 'ਚ ਪਈਆਂ ਕਾਲੇ ਧਨ ਦੀਆਂ ਬੋਰੀਆਂ ਨੂੰ ਸੂਰਜ ਦੀ ਰੌਸ਼ਨੀ ਤੇ ਆਮ ਹੱਥਾਂ ਦੀ ਛੋਹ ਪ੍ਰਾਪਤ ਹੋਵੇਗੀ। ਪਿੰਡਾਂ ਤੇ ਕਸਬਿਆਂ ਨੂੰ ਜਾਂਦੀਆਂ ਕੱਚੀਆਂ ਤੇ ਟੋਇਆਂ ਵਾਲੀਆਂ ਸੜਕਾਂ ਨੂੰ ਪੱਕਿਆਂ ਕਰਨ ਲਈ ਨੀਂਹ ਪੱਥਰ ਰੱਖੇ ਜਾਣਗੇ। ਪਿੰਡਾਂ ਦੀਆਂ ਗਲੀਆਂ ਨਾਲੀਆਂ ਤੇ ਫਿਰਨੀਆਂ ਨੂੰ ਪੱਕੀਆਂ ਕਰਨ ਲਈ ਵਾਅਦੇ ਕਰ ਕੇ ਗਲਾਂ 'ਚ ਹਾਰ ਪੁਆਏ ਜਾਣਗੇ। ਪਿੰਡਾਂ ਵਿਚ ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਤੇ ਪਹਿਲਾਂ ਖੁਲ੍ਹਿਆਂ ਨੂੰ ਮਿਡਲ ਜਾਂ ਹਾਈ ਸਕੂਲ ਬਣਾਉਣ ਲਈ ਲਾਰੇ ਲਾਏ ਜਾਣਗੇ। ਕਰਜ਼ਿਆਂ ਦੀ ਮੁਆਫ਼ੀ ਤੇ ਕਦੇ ਵੀ ਅਮਲ 'ਚ ਨਾ ਆਉਣ ਵਾਲੀਆਂ ਸਕੀਮਾਂ ਦਾ ਐਲਾਨ ਕੀਤਾ ਜਾਵੇਗਾ। ਗੱਲ ਕੀ, ਹਰ ਬੰਦੇ ਦੀ ਸ਼ਕਲ, ਅਕਲ ਤੇ ਨਸਲ ਵੇਖ ਕੇ ਸਰਦਾ-ਬਣਦਾ ਲਾਲੀਪਾਪ ਵਿਖਾ ਦਿਤਾ ਜਾਵੇਗਾ। ਗੰਗਾ ਗਏ ਗੰਗਾ ਰਾਮ, ਯਮਨਾ ਗਏ, ਯਮਨਾ ਦਾਸ, ਦੇ ਅਖਾਣ ਅਨੁਸਾਰ ਹਰ ਰੋਜ਼ ਤੇ ਹਰ ਜਗ੍ਹਾਂ ਗਿਰਗਟ ਵਾਂਗ ਰੰਗ ਬਦਲਦੇ ਇਹ ਮੀਸਣੇ ਤੇ ਮਤਲਬੀ ਭਲਵਾਨ ਫ਼ਰੇਬੀ ਸਾਧਾਂ ਵਾਂਗ ਲੋੜ ਅਨੁਸਾਰ ਪੁੱਤ ਵੰਡਦੇ ਫਿਰਨਗੇ।

ਉਹ ਰੂੜੀਆਂ ਜਿਨ੍ਹਾਂ ਨੇ ਕਦੀ ਚੱਜ ਨਾਲ ਯੱਕਾ ਵੀ ਨਹੀਂ ਵੇਖਿਆ, ਉਥੇ ਇਨ੍ਹਾਂ ਦੀਆਂ 40-40 ਲੱਖ ਵਾਲੀਆਂ ਲਿੱਪੀਆਂ-ਪੋਚੀਆਂ ਤੇ ਚਮਕਦੀਆਂ ਕਾਰਾਂ ਚਿੱਕੜ ਤੇ ਗੋਹਾਂ ਮਿਧਦੀਆਂ ਫਿਰਨਗੀਆਂ। ਇਨ੍ਹਾਂ ਦੇ ਲੰਗੋਟ ਧੋਣ ਵਾਲੇ ਸ਼ਗਿਰਦਾਂ ਦੀ ਭੀੜ ਇਨ੍ਹਾਂ ਨਾਲ ਹਰ ਥਾਂ 'ਤੇ ਧੁੱਪ, ਧੂੜ ਤੇ ਧੱਕੇ ਖਾਂਦੀ ਫਿਰੇਗੀ। ਹਰ ਜਲਸੇ-ਜਲੂਸ ਵਿਚ ਕਿਰਾਏ ਭਾੜੇ 'ਤੇ ਦਿਹਾੜੀ 'ਤੇ ਇਕੱਠੇ ਕੀਤੇ ਸਰੋਤਿਆਂ ਦੀ ਭੀੜ ਬੁਲੰਦ ਆਵਾਜ਼ ਵਿਚ ਹਵਾ ਵਿਚ ਬਾਹਾਂ ਉਲਾਰ ਕੇ ਇਨ੍ਹਾਂ ਦੇ ਨਾਹਰਿਆਂ ਦੇ ਜਵਾਬ ਦੇਵੇਗੀ। ਸ਼ਾਮ ਨੂੰ ਇਨ੍ਹਾਂ ਦਾ ਭਾੜਾ ਇਨ੍ਹਾਂ ਦੇ ਹੱਥ ਫੜਾ ਕੇ ਅਤੇ ਅਖ਼ਬਾਰਾਂ ਨੂੰ ਸਿਰ ਗਿਣਵਾ ਕੇ ਇਨ੍ਹਾਂ ਦੇ ਟਿਕਾਣਿਆਂ 'ਤੇ ਪਹੁੰਚਾਉਣ ਤੋਂ ਬਾਅਦ ਇਨ੍ਹਾਂ ਨੂੰ ਅਲਵਿਦਾ ਆਖ ਦਿੱਤੀ ਜਾਵੇਗੀ। ਗੋਂਗਲੂਆਂ 'ਤੇ ਵੈਂਗਣਾਂ ਵਾਂਗ ਇਨ੍ਹਾਂ ਦੇ ਅੱਡਿਆਂ 'ਤੇ ਇਨ੍ਹਾਂ ਦੀ ਰੋਜ਼ ਬੋਲੀ ਲੱਗੇਗੀ । ਜਿਹੜਾ ਭਲਵਾਨ ਇਨ੍ਹਾਂ ਦੀ ਵੱਧ ਬੋਲੀ ਦੇ ਕੇ ਇਨ੍ਹਾਂ ਨੂੰ ਆਪਣੇ ਜਲਸੇ ਵਿਚ ਲੈ ਗਿਆ, ਇਹ ਉਹਦੇ ਨਾਹਰੇ ਬੁਲੰਦ ਕਰ ਦੇਣਗੇ। ਕੋਈ ਮਰੇ ਕੋਈ ਜੀਵੇ, ਕੋਈ ਜਿੱਤੇ ਕੋਈ ਹਾਰੇ, ਇਨ੍ਹਾਂ ਨੂੰ ਉਸ ਨਾਲ ਕੋਈ ਸਰੋਕਾਰ ਨਹੀਂ। ਜਲਸੇ, ਜਲੂਸ, ਪੈਸੇ, ਨਸ਼ੇ, ਇਸ਼ਤਿਹਾਰਾਂ, ਪੈਂਫ਼ਲਟਾਂ, ਲਾਰਿਆਂ, ਵਾਅਦਿਆਂ ਦਾ ਇਹ ਦੌਰ ਉਦੋਂ ਤਕ ਬਾਖ਼ੂਬੀ ਜਾਰੀ ਰਹੇਗਾ , ਜਦ ਤਕ ਕੋਈ ਮਾਈ ਦਾ ਲਾਲ ਅਖਾੜੇ 'ਚੋਂ ਮਾਲੀ ਪੁੱਟ ਕੇ ਨਹੀਂ ਲੈ ਜਾਂਦਾ।

ਹਰ ਵਾਰ ਚੋਣਾਂ ਵਿਚ 100 ਵਿਚੋਂ ਤਕਰੀਬਨ 60 ਵੋਟਾਂ ਪੈਂਦੀਆਂ ਹਨ। ਇਹ ਜਾਂ ਝੋਲੀਚੁੱਕਾਂ, ਮੌਕਾਪ੍ਰਸਤਾਂ, ਝੰਡਾਬਰਦਾਰਾਂ ਤੇ ਖੁਸ਼ਾਮਦੀਆਂ ਦੀਆਂ ਹੁੰਦੀਆਂ ਹਨ ਜਾਂ ਫਿਰ ਉਹੀ ਵੋਟਾਂ ਜੋ ਖ਼ਰੀਦੀਆਂ ਜਾਂ ਆਮ ਜਨਤਾ ਨੂੰ ਪ੍ਰਭਾਵਿਤ ਕਰ ਕੇ ਲਈਆਂ ਜਾ ਸਕਦੀਆਂ ਹਨ। ਬਾਕੀ ਬਚਦੀਆਂ 40 ਵੋਟਾਂ ਵਿਚ ਜ਼ਿਆਦਾਤਰ ਉਹ ਲੋਕ ਆਉਂਦੇ ਹਨ ਜੋ ਇਨ੍ਹਾਂ ਦੀਆਂ ਲੂੰਬੜ ਚਾਲਾਂ ਤੋਂ ਭਲੀ ਭਾਂਤ ਵਾਕਫ਼ ਹੁੰਦੇ ਹਨ। ਉਨ੍ਹਾਂ ਨੇ ਇਨ੍ਹਾਂ ਠਿੱਬੀ-ਮਾਰ ਭਲਵਾਨਾਂ ਦੇ ਦਾਅ, ਜੱਫੇ ਤੇ ਧੋਬੀ-ਪਟਕੇ ਕਈ ਵਾਰ ਵੇਖੇ ਹਨ। ਢਹਿਣ ਤੋਂ ਬਾਅਦ ਵੀ ਉਨ੍ਹਾਂ ਇਨ੍ਹਾਂ ਨੂੰ ਇਕ ਦੂਜੇ ਦੀ ਪਿੱਠ ਝਾੜਦੇ ਤੇ ਹੌਸਲਾ ਦੇਂਦੇ ਵੇਖਿਆ ਹੈ। ਇਹ ਸਿਆਣਾ, ਪੜ੍ਹਿਆ-ਲਿਖਿਆ ਤੇ ਸਮਝਦਾਰ ਤਬਕਾ ਹੈ ਜੋ ਬੇਬੱਸ ਵੀ ਹੈ ਤੇ ਮਜਬੂਰ ਵੀ। ਮੌਜੂਦਾ ਸਿਸਟਮ 'ਤੇ ਗੁੱਸਾ ਕੱਢਣ ਤੋਂ ਬਾਅਦ ਇਹ ਲੋਕ ਇਹ ਸੋਚ ਕੇ ਚੁੱਪ ਹੋ ਜਾਂਦੇ ਹਨ ਕਿ ਜੇ ਤੌੜੀ ਉਬਲੇਗੀ ਤਾਂ ਆਪਣੇ ਕੰਢੇ ਸਾੜੇਗੀ। ਇਨ੍ਹਾਂ ਭਲਵਾਨਾਂ ਦਾ ਕੀ ਜਾਣੈ? ਇਕ ਪ੍ਰੋਫ਼ੈਸਰ ਜਾਂ ਅਫ਼ਸਰ ਦੀ ਵੋਟ ਦੀ ਕੀਮਤ ਇਕ ਅਨਪੜ੍ਹ ਪ੍ਰਵਾਸੀ ਮਜ਼ਦੂਰ ਦੀ ਵੋਟ ਦੇ ਬਰਾਬਰ ਹੀ ਤਾਂ ਹੈ।ਕੋਈ ਵੀ ਸਿਆਸਤਦਾਨ ਵੋਟ ਮੰਗਣ ਲਈ ਪੜ੍ਹਿਆਂ-ਲਿਖਿਆਂ ਦੇ ਦਰਵਾਜ਼ੇ 'ਤੇ ਨਹੀਂ ਜਾਂਦਾ। ਸਿਆਸਤਦਾਨਾਂ ਨੂੰ ਪਤਾ ਹੈ ਕਿ ਵੋਟ ਪਾਉਣ ਤੋਂ ਪਹਿਲਾਂ ਇਹ ਉਨ੍ਹਾਂ ਤੋਂ ਪਿਛਲੇ ਪੰਜਾਂ ਸਾਲਾਂ ਦਾ ਲੇਖਾ ਜੋਖਾ ਤੇ ਹੋਰ ਅਨੇਕਾਂ ਸਵਾਲ ਪੁਛਣਗੇ। ਜਿੰਨਾ ਵਕਤ ਇਨ੍ਹਾਂ ਦੀ ਇਕ ਵੋਟ ਖ਼ਾਤਰ ਬਰਬਾਦ ਕਰਨਾ ਹੈ, ਕਿਉਂ ਨਾ ਓਨੇ ਚਿਰ ਵਿਚ ਪ੍ਰਵਾਸੀ ਮਜ਼ਦੂਰਾਂ ਦੀਆਂ ਚਾਰ ਵੋਟਾਂ ਖ਼ਰੀਦ ਲਈਆਂ ਜਾਣ। ਹਰ ਸੀਟ 'ਤੇ ਤਕਰੀਬਨ 4 ਉਮੀਦਵਾਰਾਂ ਵਿਚ ਮੁਕਬਲਾ ਹੁੰਦਾ ਹੈ ਤੇ ਜਿਸ ਨੂੰ 60 ਵਿਚੋਂ 30 ਵੋਟਾਂ ਮਿਲ ਜਾਂਦੀਆਂ ਹਨ, ਉਹ ਜਿੱਤ ਜਾਂਦਾ ਹੈ, ਜੇ ਇਨ੍ਹਾਂ 30 ਵੋਟਾਂ ਦੀ ਅੱਗੋਂ ਚੀਰਫਾੜ ਕੀਤੀ ਜਾਵੇ ਤਾਂ ਤਾ ਲੱਗੇਗਾ ਕਿ ਇਨ੍ਹਾਂ ਵਿਚ ਤਕਰੀਬਨ 22 ਵੋਟਾਂ ਉਹ ਹਨ ਜੋ ਅਨਪੜ੍ਹ , ਗਰੀਬ ਜਾਂ ਆਮ ਜਨਤਾ ਨੂੰ ਖ਼ਰੀਦ ਦੇ, ਜੋੜ-ਤੋੜ ਕਰ ਕੇ, ਭਰਮਾ ਕੇ, ਭਾਵੁਕ ਕਰ ਕੇ, ਲਾਰੇ ਲਾ ਕੇ, ਲਾਲਚ ਦੇ ਕੇ ਜਾਂ ਹੋਰ ਕਿਸੇ ਤਰੀਕੇ ਨਾਲ ਵਰਗਲਾ ਕੇ ਇਕੱਠੀਆਂ ਕੀਤੀਆਂ ਗਈਆਂ , ਬੱਸ ਇਉਂ ਕਹਿ ਲਉ ਕਿ ਇਹ 22 ਵੋਟਾਂ ਹੀ ਬਾਕੀ ਦੀਆਂ 70-80 ਵੋਟਾਂ 'ਤੇ 5 ਸਾਲ ਰਾਜ ਕਰੀ ਜਾਂਦੀਆਂ ਹਨ। ਇਹ ਹੈ ਸਾਡਾ ਲੋਕਤੰਤਰ।

ਵੋਟਾਂ ਦੀ ਰਾਜਨੀਤੀ ਹੈ, ਵੋਟਾਂ ਦੀ ਖੇਡ ਹੈ, ਵੋਟਾਂ ਦਾ ਤਮਾਸ਼ਾ ਹੈ ਜਿਹੜਾ ਕਾਲੇ ਧਨ ਦੀਆਂ ਬੋਰੀਆਂ ਤੋਂ ਬਿਨਾਂ ਇਕ ਕਦਮ ਵੀ ਅੱਗੇ ਨਹੀਂ ਚਲਦਾ। ਪੜ੍ਹੇ ਲਿਖੇ ਤੇ ਬੁੱਧੀਜੀਵੀ ਤਬਕੇ ਕੋਲ ਸੁਝਾਅ ਵੀ ਹਨ ਤੇ ਦੂਰਅੰਦੇਸ਼ੀ ਵੀ, ਵਿਉਂਤਾਂ ਵੀ ਹਨ ਤੇ ਕੰਮ ਕਰਨ ਦਾ ਜਜ਼ਬਾ ਵੀ ਪਰ ਅਫ਼ਸੋਸ ਕਿ ਉਨ੍ਹਾਂ ਕੋਲ ਨੋਟਾਂ ਨਾਲ ਆਫਰੀਆਂ ਬੋਰੀਆਂ, ਝੂਠ ਬੋਲਣ ਦਾ ਤਜਰਬਾ, ਜ਼ਮੀਰ ਮਾਰਨ ਦਾ ਢੰਗ, ਲਾਰੇ ਲਾਉਣ ਦੇ

ਬਾਕੀ ਸਫਾ 25 ਤੇ......

**ਸ਼ਰਧਾਂਜਲੀ**

## ਚੀਫ਼ ਇੰਜ. ਐੱਸ. ਆਰ. ਬਡਵਾਲ

ਸਮਾਜਿਕ ਹਲਕਿਆਂ ਵਿੱਚ ਇਹ ਖ਼ਬਰ ਬਹੁਤ ਹੀ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਇਸ ਇਲਾਕੇ ਦੀ ਨਾਮਵਰ ਸ਼ਖਸ਼ੀਅਤ ਸ਼੍ਰੀ ਐਸ. ਆਰ. ਬਡਵਾਲ ਸਾਬਕਾ ਮੁੱਖ ਇੰਜੀਨੀਅਰ, ਸਿੰਜਾਈ ਵਿਭਾਗ ਪੰਜਾਬ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ। 16 ਜਨਵਰੀ 1926 ਨੂੰ ਪਿੰਡ ਚਨੌਲੀ ਵਿਖੇ ਸ਼੍ਰੀ ਪਸਤ ਰਾਮ ਬਡਵਾਲ ਦੇ ਘਰ ਜਨਮੇਂ ਸ਼੍ਰੀ ਐਸ. ਆਰ. ਬਡਵਾਲ ਨੇ ਮੁਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਬੜਵਾ ਵਿਖੇ ਪ੍ਰਾਪਤ ਕੀਤੀ। ਇਸ ਉਪਰੰਤ ਉਨ੍ਹਾਂ ਨੇ ਡੇ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਐਫ. ਐਸ.ਸੀ. ਦੀ ਪ੍ਰੀਖਿਆ ਪੰਜਾਬ ਭਰ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ। ਉਨ੍ਹਾ ਨੇ ਪੰਜਾਬ ਇੰਜਨੀਅ-ਰਿੰਗ ਕਾਲਜ ਲਾਹੌਰ (ਪਾਕਿਸਤਾਨ) ਵਿਖੇ ਸਿਵਲ ਇੰਜਨੀਅਰਿੰਗ ਵਿਚ ਦਾਖਲਾ ਲਿਆ। ਇਸ ਦੌਰਾਨ ਦੇਸ਼ ਆਜ਼ਾਦ ਹੋਣ ਤੇ ਉਨ੍ਹਾਂ ਨੂੰ ਇੰਜਨੀਅਰਿੰਗ ਦੀ ਡਿਗਰੀ ਰੁੜਕੀ ਵਿਖੇ ਕਰਨੀ ਪਈ। ਇਸ ਤਰ੍ਹਾਂ ਆਜ਼ਾਦ ਭਾਰਤ ਦੇ ਪਹਿਲੇ ਇੰਜਨੀਅਰਿੰਗ ਬੈਚ ਵਿੱਚ ਇਨ੍ਹਾਂ ਨੂੰ ਸ਼ਾਮਲ ਹੋਣ ਦਾ ਮਾਣ ਮਿਲਿਆ।



ਇੰਜਨੀਅਰਿੰਗ ਕਰਨ ਉਪਰੰਤ ਆਪ ਦੀ ਪਹਿਲੀ ਪੋਸਟਿੰਗ ਬਤੌਰ ਉਪ-ਮੰਡਲ ਅਫਸਰ, ਕੋਟਲਾ ਪਾਵਰ ਹਾਊਸ ਵਿਖੇ ਹੋਈ। ਜਿੱਥੇ ਕਿ ਭਾਖੜਾ ਨਹਿਰ ਤੇ ਬਣੇ ਇਸ ਪਾਵਰ ਹਾਊਸ ਦੀ ਨੀਹਾਂ ਤੋਂ ਉਪਰ ਤੱਕ ਦੀ ਸਾਰੀ ਉਸਾਰੀ ਇਨ੍ਹਾਂ ਦੇ ਬਹੁਤ ਹੀ ਸਖਤ ਮਿਹਨਤ ਅਤੇ ਲਗਨ ਨਾਲ ਕਰਵਾਈ। ਇਸ ਪਾਵਰ ਹਾਊਸ ਦੀ ਮੇਨ ਐਂਟਰੈਂਸ ਤੇ ਅੱਜ ਵੀ ਇਨ੍ਹਾਂ ਦਾ ਨਾਮ ਲਿਖਿਆ ਹੋਇਆ ਹੈ। ਇਸ ਤਰ੍ਹਾਂ ਆਪ ਨੇ ਵਿਭਾਗ ਵਿੱਚ ਵੱਖ ਵੱਖ ਅਹੁਦਿਆਂ ਤੇ ਰਹਿੰਦੇ ਹੋਏ ਬਹੁਤ ਕੰਮ ਕਰਵਾਏ। 1971 ਦੀ ਭਾਰਤ-ਪਾਕਿ ਜੰਗ ਦੌਰਾਨ ਆਪ ਫ਼ਿਰੋਜ਼ਪੁਰ ਵਿਖੇ ਬਤੌਰ ਸੁਪਰਨਟੈਂਡਿੰਗ ਇੰਜਨੀਅਰ ਕੰਮ ਕਰ ਰਹੇ ਸਨ। ਉਸ ਲੜਾਈ ਦੌਰਾਨ ਆਪ ਨੇ ਖੇਮਕਰਨ ਸੈਕਟਰ ਵਿੱਚ ਭਾਰਤੀ ਫੌਜ ਨੂੰ ਬੰਕਰ ਤਿਆਰ ਕਰਕੇ ਦਿੱਤੇ ਅਤੇ ਭਾਰਤ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਕੰਮ ਬਦਲੇ ਉਨ੍ਹਾਂ ਨੂੰ ਸਨਮਾਨ ਪੱਤਰ ਵੀ ਮਿਲਿਆ। ਰੋਪੜ ਜ਼ਿਲ੍ਹੇ ਦੇ ਇੱਕ ਅਹਿਮ ਪ੍ਰਾਜੈਕਟ ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ ਤੇ ਵੀ ਆਪ ਜੀ ਨੇ ਬਤੌਰ ਐਸ.ਈ. ਬਹੁਤ ਹੀ ਮਿਹਨਤ ਅਤੇ ਲਗਨ ਨਾਲ ਕੰਮ ਕਰਵਾਇਆ। ਇਲਾਕੇ ਦੇ ਹਜ਼ਾਰਾਂ ਹੀ ਬੇਰੁਜ਼ਗਾਰ ਲੋਕਾਂ ਨੂੰ ਨੌਕਰੀਆਂ ਦਿੱਤੀਆਂ। ਇਸ ਪ੍ਰੋਜੈਕਟ ਦੇ ਗੰਗੂਵਾਲ ਅਤੇ ਨੱਕੀਆਂ ਪਾਵਰ ਹਾਊਸ ਅੱਜ ਬਿਜਲੀ ਪੈਦਾ ਕਰ ਰਹੇ ਹਨ।

ਇਸ ਉਪਰੰਤ ਆਪ ਜੀ ਨੇ ਬਤੌਰ ਮੁੱਖ -ਇੰਜੀਨੀਅਰ ਪੱਦ-ਉਨਤ ਹੋ ਕੇ ਥੀਨ ਡੈਮ (ਹੁਣ ਰਣਜੀਤ ਸਾਗਰ ਡੈਮ) ਵਿਖੇ ਵੀ ਸੇਵਾ ਨਿਭਾਈ। ਆਪ ਜਨਵਰੀ 1984 ਵਿਚ ਸੇਵਾ ਮੁਕਤ ਹੋਏ ਸੀ। ਆਪ ਜੀ ਨੂੰ ਸਾਲ 1997 ਦੌਰਾਨ ਪੰਜਾਬ ਇੰਜ: ਕਾਲਜ ਦੇ ਗੋਲਡਨ ਜੁਬਲੀ ਸਮਾਰੋਹਾਂ ਦੌਰਾਨ ਭਾਰਤ ਦੇ ਉਪ-ਰਾਸ਼ਟਰਪਤੀ ਜੀ ਵਲੋਂ ਵੀ ਸਨਮਾਨਿਤ ਕੀਤਾ ਗਿਆ। ਆਪ ਇੱਕ ਤੇਜ਼ ਤਰਾਰ ਇੰਜਨੀਅਰ ਅਤੇ ਸਫ਼ਲ ਪ੍ਰਸ਼ਾਸਕ ਸਨ। ਇਨ੍ਹਾਂ ਦੀ ਜ਼ਿੰਦਗੀ ਦਾ ਇੱਕ ਹੀ ਆਦਰਸ਼ ਸੀ, ਕੰਮ ਹੀ ਪੂਜਾ ਹੈ।

❊ ❊ ❊ ❊ ❊

.....ਸਫ਼ਾ 24 ਦੀ ਬਾਕੀ

ਤਰੀਕੇ, ਗੁੰਡਿਆਂ ਦੇ ਜੱਥੇ, ਚਾਪਲੂਸਾਂ ਦੀਆਂ ਭੀੜਾਂ ਤੇ ਨਸ਼ਾ ਤਸਕਰਾਂ ਦੇ ਯਾਰਾਨੇ ਨਹੀਂ ਹਨ। ਇਹ ਸਾਰੇ ਉਹ ਮੋਹਰੇ ਹਨ, ਜਿਨ੍ਹਾਂ ਤੋਂ ਬਿਨਾਂ ਸਿਆਸਤ ਰੂਪੀ ਸ਼ੈਤਰੰਜ ਦੀ ਖੇਡ ਨਾ ਤਾਂ ਖੇਡੀ ਜਾ ਸਕਦੀ ਹੈ ਤੇ ਨਾ ਹੀ ਜਿੱਤੀ ਜਾ ਸਕਦੀ ਹੈ।

ਭਾਰਤ ਦੇ ਇਸ ਛੋਟੇ ਜਿਹੇ ਖਿੱਤੇ ਦੇ ਭਵਿੱਖ ਤੇ ਤਕਦੀਰ ਦੇ ਮਾਲਕ ਸਿਆਸਤਦਾਨੋ! ਬਹੁਤ ਹੋ ਗਿਆ, ਹੁਣ ਬਖ਼ਸ਼ ਦਿਉ ਇਸ ਬੀਮਾਰ ਤੇ ਨਿਮਾਣੀ ਮਿੱਟੀ ਨੂੰ। ਜਿੱਧਰ ਵੀ ਤੇ ਜਿੰਨੀ ਵੀ ਦੂਰ ਨਜ਼ਰ ਜਾਂਦੀ ਹੈ, ਇਸ ਦੀ ਤਬਾਹੀ ਦੇ ਮੰਜ਼ਰ ਨਜ਼ਰ ਆਉਂਦੇ ਹਨ। ਕੋਈ ਪਿੜ ਅਜਿਹਾ ਨਹੀਂ ਬਚਿਆ, ਜਿਥੋਂ ਹਾਹਾਕਾਰ ਦੀਆਂ ਆਵਾਜ਼ਾਂ ਸੁਣਾਈ ਨਾ ਦੇਂਦੀਆਂ ਹੋਣ। ਦਸ ਗੁਰੂਆਂ ਦੇ ਚਰਨਾਂ ਦੀ ਛੋਹ ਪ੍ਰਾਪਤ ਪੰਜਾਂ ਦਰਿਆਵਾਂ ਦੀ ਜ਼ਰਖ਼ੇਜ਼ ਧਰਤੀ ਦਾ ਹਰ ਸ਼ਖ਼ਸ ਜੰਮਣ ਤੋਂ ਪਹਿਲਾਂ ਕਰਜ਼ੇ ਨਾਲ ਨਪੀੜਿਆ ਹੋਇਆ ਹੈ। ਬਚਪਨ, ਜਵਾਨੀ ਤੇ ਬੁਢਾਪਾ ਲਾ-ਇਲਾਜ ਬੀਮਾਰੀਆਂ ਨਾਲ ਛਲਣੀ ਹੋਏ ਦਵਾਈਆਂ ਦੇ ਆਸਰੇ ਦਿਨਕਟੀ ਕਰ ਰਹੇ ਹਨ। ਨਸ਼ਿਆਂ ਦੀ ਭੇਟ ਚੜ੍ਹੀ ਜਵਾਨੀ, ਬਜ਼ੁਰਗਾਂ ਤੋਂ ਬੇਮੁਖ ਹੋ ਰਹੀ ਹੈ, ਮਿੱਟੀ, ਪਾਣੀ ਤੇ ਹਵਾ ਜ਼ਹਿਰਾਂ ਨਾਲ ਨੀਲੇ ਹੋਏ ਪਏ ਹਨ। ਅੰਤਾਂ ਦਾ ਦੁਖੀ ਤੇ ਪ੍ਰੇਸ਼ਾਨ ਬੁਢਾਪਾ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਿਆ ਹੈ, ਭ੍ਰਿਸ਼ਟਾਚਾਰ ਆਪਣੀ ਸਿਖਰਲੀ ਚਰਨ ਸੀਮਾ 'ਤੇ ਪਹੁੰਚ ਗਿਆ ਹੈ। ਬੇਰੁਜ਼ਗਾਰੀ ਨੇ ਜਵਾਨੀ ਦੀ ਨੀਂਦ ਉਡਾ ਦਿਤੀ ਹੈ, ਮਹਿੰਗਾਈ ਦੇ ਜ਼ਾਲਮ ਹੱਥਾਂ ਨੇ ਰੁੱਖੀ ਰੋਟੀ ਦੀਆਂ ਬੁਰਕੀਆਂ ਵੀ ਗ਼ਰੀਬ ਦੇ ਮੂੰਹ 'ਚ ਪੈਣ ਤੋਂ ਪਹਿਲਾਂ ਹੀ ਖਿੱਚ ਲਈਆਂ ਹਨ। ਹਰ ਚੀਜ਼ ਦੀ ਕੋਈ ਹੱਦ ਹੁੰਦੀ ਹੈ। ਪੰਜਾਬ ਦੇ ਪਿੰਜਰ ਨੂੰ ਹੋਰ ਕਿੰਨੀ ਕੁ ਦੇਰ ਚੂੰਡੋਗੇ। ਰੱਬ ਦਾ ਵਾਸਤਾ ਜੇ, ਹੁਣ ਤਰਸ ਕਰੋ। ਸਾਹ-ਸੱਤਹੀਣ ਹੋਇਆ ਇਹ ਜ਼ਮੀਨ ਦਾ ਟੁਕੜਾ ਤੁਹਾਨੂੰ ਕਈ ਪੀੜ੍ਹੀਆਂ ਤਕ ਮੁਆਫ਼ ਨਹੀਂ ਕਰੇਗਾ।

*(ਡਾ.ਮਲਕੀਤ ਸਿੰਘ ਕੀਟ ਵਿਗਿਆਨ ਦੇ ਡਾਕਟਰ ਆਫ ਲਿਚਰੇਟਰ ਹਨ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੇਵਾਮੁਕਤ ਪ੍ਰੋਫੈਸਰ ਹਨ।)

-ਸਪੋਕਸਮੈਨ ਚੰਡੀਗੜ੍ਹ ਤੋਂ ਧੰਨਵਾਦ ਸਹਿਤ

ਤੀਜੀ ਸ਼ਹੀਦੀ ਸ਼ਤਾਬਦੀ 'ਤੇ ਵਿਸ਼ੇਸ਼

# ਮਿਰਲੱਥ ਯੋਧਾ, ਬਾਬਾ ਬੰਦਾ ਸਿੰਘ ਬਹਾਦਰ

ਡਾ. ਜਸਵੰਤ ਕੌਰ ਸੈਣੀ
ਰੂਪਨਗਰ



ਸਿੱਖ ਇਤਿਹਾਸ ਦੇ ਸ਼ਹੀਦਾਂ ਵਿੱਚ, ਬਾਬਾ ਬੰਦਾ ਸਿੰਘ ਬਹਾਦਰ ਦੇ ਮੇਚ ਦਾ ਕੋਈ ਵੀ ਸ਼ਹੀਦ ਨਹੀਂ ਦਿਸਦਾ, ਜੋ ਰੌਸ਼ਨ ਸਿਤਾਰਾ ਆਪ ਸਨ। ਇਸ ਯੋਧੇ ਨੇ ਗੁਰੂ ਗੋਬਿੰਦ ਸਿੰਘ ਤੋਂ ਥਾਪੜਾ ਲੈ ਕੇ ਅਤੀ ਨਾਜ਼ਕ ਸਮੇਂ ਵੇਲੇ ਸਿੱਖਾਂ ਨੂੰ ਇਕੱਠੇ ਕਰਕੇ ਫ਼ੌਜ਼ ਬਣਾਈ। ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਿਆਂ ਨੂੰ ਸੋਧਣ ਲਈ ਪੰਜਾਬ ਵੱਲ ਚੜ੍ਹਾਈ ਕੀਤੀ। ਬੰਦਾ ਸਿੰਘ ਇਕ ਅਜਿੱਤ ਕੌਮ ਦਾ ਨਿਰਮਾਤਾ ਸਿੱਧ ਹੋਇਆ। ਮੁਗਲਾਂ ਵਿੱਚ ਦਹਿਸ਼ਤ ਫੈਲਾਉਣ ਲਈ ਬੰਦੇ ਦਾ ਨਾਂ ਹੀ ਕਾਫ਼ੀ ਸੀ। ਡਾ: ਗੋਕਲ ਚੰਦ ਨਾਰੰਗ ਅਨੁਸਾਰ "ਸਿੱਖਾਂ ਦੇ ਆਚਰਣ ਵਿਚ ਇਲਕਲਾਬ ਲਿਆਉਂਣ ਤੇ ਨਵਾਂ ਜੀਵਨ ਦੇਣ ਵਾਲੇ ਤਾਂ ਗੁਰੂ ਗੋਬਿੰਦ ਸਿੰਘ ਜੀ ਸਨ । ਇਹ ਬੰਦਾ ਬਹਾਦਰ ਹੀ ਸੀ ਜਿਸ ਨੇ ਸਿੱਖਾਂ ਨੂੰ ਸਿਖਾਇਆ ਲੜੀਦਾ ਕਿਵੇਂ ਹੈ ਅਤੇ ਜਿੱਤੀਦਾ ਕਿਵੇਂ ਹੈ?" ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਨੰਬਰ ਇਕ ਸ਼ਖਸੀਅਤ ਬੰਦਾ ਸਿੰਘ ਹੀ ਸਨ।

ਉਸ ਨੇ ਹੁਕਮ ਨਾਮਿਆਂ ਦੁਆਰਾ ਸਿੰਘ ਇਕੱਠੇ ਕਰਕੇ ਚਾਲੀ ਹਜ਼ਾਰ ਸਿੱਖ ਸੈਨਿਕ ਇਕੱਠੇ ਕਰ ਲਏ। ਨਵੰਬਰ 1709 ਨੂੰ ਸਮਾਣਾ (ਜਿੱਥੋਂ ਦੇ ਜੱਲਾਦਾਂ ਨੇ ਛੋਟੇ ਸਾਹਿਬਜ਼ਾਦੇ ਸ਼ਹੀਦ ਕੀਤੇ ਸਨ), ਉੱਤੇ ਕਹਿਰੀ ਹਮਲਾ ਕਰਕੇ 10,000 ਬੰਦੇ ਮਾਰੇ।ਫਿਰ ਘੁੜਾਂਮ, ਠਸਕਾ, ਮਸਤਫ਼ਬਾਦ, ਕਪੂਰੀ ਫਤਹ ਕੀਤੇ। ਫਿਰ ਸਢੌਰਾ ਜਿੱਤਿਆ। ਫਿਰ ਬਨੂੜ ਫਤਹ ਕੀਤਾ। ਚਪੜਚਿੜੀ ਦੇ ਮੈਦਾਨ ਵਿਚ 1710 ਨੂੰ ਵਜ਼ੀਰ ਖਾਂ ਦੀਆਂ ਫੌਜਾਂ ਨੂੰ ਹਰਾਇਆ। ਵਜ਼ੀਰ ਖਾਂ ਤੇ ਸੁੱਖਾ ਨੰਦ ਦੀ ਜਾਇਦਾਦ ਲੁੱਟੀ। ਮਲੇਰਕੋਟਲੇ ਦੇ ਹਮਲੇ ਵੇਲੇ ਹੋਰ ਨੁਕਸਾਨ ਨਹੀਂ ਕੀਤਾ ਸਿਰਫ਼ ਸ਼ਹੀਦ ਬੀਬੀ ਅਨੂਪ ਕੌਰ ਦੀ ਕਬਰ ਪੁੱਟ ਕੇ ਉਸ ਦਾ ਸਸਕਾਰ ਕੀਤਾ। ਜਿੱਤ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਸਹਾਰਨਪੁਰ ਜਲਾਲਾਬਾਦ, ਨਨੌਤਾ ਜਿੱਤਿਆ। ਦੁਆਬੇ ਮਾਝੇ ਦੇ ਸਿੰਘ ਨਾਲ ਰਲ ਗਏ। ਲੋਹ ਗੜ੍ਹ ਦੇ ਕਿਲੇ ਵਿਚ ਬਹਾਦਰ ਸ਼ਾਹ ਦੀਆਂ ਫੌਜ਼ਾਂ ਨੇ ਸਿੱਖ-ਸੈਨਾ ਨੂੰ ਘੇਰ ਲਿਆ, ਪਰ ਬੰਦਾ ਸਿੰਘ ਕਿਲਾ ਛੱਡ ਕੇ ਪਹਾੜਾਂ ਵਲ ਚਲਾ ਗਿਆ ਅਤੇ ਪਹਾੜੀ ਰਾਜੇ ਭੀਮ ਚੰਦ ਨੂੰ ਸੋਧਿਆ। ਚੰਬੇ ਦੇ ਰਾਜੇ ਦੀ ਧੀ ਨਾਲ ਵਿਆਹ ਕਰਵਾਇਆ। ਉਹ ਜੰਮੂ ਵਲ ਚਲਾ ਗਿਆ। ਉਨ੍ਹੀਂ ਦਿਨੀ ਬਹਾਦਰ ਸ਼ਾਹ ਲਾਹੌਰ ਵਿਚ ਸੀ। 1712 ਵਿਚ ਉਸਦੀ ਮੌਤ ਤੋਂ ਬਾਅਦ ਬੰਦਾ ਸਿੰਘ ਨੇ ਪਹਾੜਾਂ ਚੋਂ ਨਿਕਲ ਕੇ ਸਿੱਖ ਸੈਨਾ ਫਿਰ ਸੰਗਠਿਤ ਕੀਤੀ। ਇਸੇ ਸਮੇਂ ਵਜ਼ੀਰਾਬਾਦ ਦੇ ਖੱਤਰੀ ਸ਼ਿਵਰਾਮ ਦੀ ਪੁੱਤਰੀ ਨਾਲ ਦੂਜਾ ਵਿਆਹ ਕਰਵਾਇਆ ਜਿਸਦੀ ਕੁੱਖੋਂ ਰਣਜੀਤ ਸਿੰਘ ਪੁੱਤਰ ਹੋਇਆ, ਜਿਸਦੀ ਵੰਸ਼ ਚੱਲਦੀ ਰਹੀ ਹੈ। ਪਹਿਲੀ ਪਤਨੀ ਦੇ ਕੁੱਖੋਂ ਅਜੈ ਸਿੰਘ ਪੈਦਾ ਹੋਇਆ ਸੀ ਜੋ ਬਾਅਦ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਲ ਹੀ ਸ਼ਹੀਦ ਕੀਤਾ ਗਿਆ ਸੀ। ਬੰਦਾ ਸਿੰਘ ਨੇ ਗਰੀਬ ਕਿਰਤੀਆਂ ਵਿਚ ਜ਼ਮੀਨਾਂ ਵੰਡੀਆਂ। ਅਸਲੀ ਅਰਥਾਂ ਵਿੱਚ ਲੋਕਤੰਤਰੀ ਰਾਜ ਕਾਇਮ ਕੀਤਾ। ਲੋਕਾਂ ਦੀ ਹਰ ਮਦਦ ਕੀਤੀ ਤੇ ਉਨ੍ਹਾਂ ਨੂੰ ਅਣਖ ਨਾਲ ਜਿਊਣ ਦੀ ਜਾਚ ਦੱਸੀ।

ਮਾਰਚ 1715 ਵਿਚ ਕਲਾਨੌਰ ਤੇ ਬਟਾਲੇ 'ਤੇ ਕਬਜਾ ਕੀਤਾ। ਅੰਤ ਇਕ ਕੱਚੀ ਹਵੇਲੀ ਨੂੰ ਕਿਲਾ ਬਣਾ ਕੇ ਗੁਰਦਾਸ ਨੰਗਲ ਵਿਚ ਮੋਰਚਾ ਬੰਦੀ ਕੀਤੀ। ਪਰ ਬਾਹਰੋਂ ਮੁਗਲਾਂ ਨੇ ਇਨ੍ਹਾਂ ਦਾ ਰਾਸ਼ਨ ਪਾਣੀ ਬੰਦ ਕਰ ਦਿੱਤਾ। ਔਖੇ ਵੇਲੇ ਬਾਬਾ ਬਿਨੋਦ ਸਿੰਘ ਸਿੰਘਾਂ ਨੂੰ ਜੋ ਉਸਦੇ ਪੱਖੀ ਸਨ ਨਾਲ ਲੈ ਕੇ ਕਿਲ੍ਹੇ 'ਚੋਂ ਭੱਜ ਗਿਆ। ਉਹ ਬੰਦਾ ਸਿੰਘ ਬਹਾਦਰ ਨੂੰ ਵੀ ਇਹ ਕਹਿੰਦਾ ਰਿਹਾ ਕੇ ਭੁੱਖ ਨਾਲ ਬੰਦੇ ਅਤੇ ਪਸ਼ੂ (ਘੋੜੇ ਆਦਿ) ਮਾਰਨ ਨਾਲੋਂ ਕਿਲ੍ਹਾ ਛੱਡ ਜਾਓ ਪਰ ਬੰਦਾ ਸਿੰਘ ਨਹੀਂ ਮੰਨਿਆ ਅਤੇ ਕਈ ਮਹੀਨੇ ਉੱਥੇ ਡਟੇ, ਮੁਗਲਾਂ ਨਾਲ ਮੁਕਾਬਲਾ ਕਰਦੇ ਰਹੇ।

ਅੰਤ 7 ਦਿਸੰਬਰ 1715 ਨੂੰ ਸ਼ਾਹੀ ਫੌਜਾਂ ਨੇ ਗੜ੍ਹੀ ਤੇ ਕਬਜ਼ਾ ਕਰ ਲਿਆ । ਅੱਠ ਸੌ ਸਿੰਘਾਂ ਨੂੰ ਕੈਦ ਕਰਕੇ ਪਹਿਲਾਂ ਲਾਹੌਰ ਲਿਆਂਦਾ ਗਿਆ। ਫਿਰ ਬਹੁਤ ਘਿਨਾਉਣੇ ਜਲੂਸ ਦੀ ਸ਼ਕਲ ਵਿੱਚ ਦਿੱਲੀ ਵਲ ਲਿਜਾਇਆ ਗਿਆ। ਬੰਦਾ ਸਿੰਘ ਨੂੰ ਸੰਗਲਾਂ ਨਾਲ ਬੰਨ੍ਹ ਕੇ ਲੋਹੇ ਦੇ ਪਿੰਜਰੇ ਵਿਚ ਕੈਦ ਕਰਕੇ ਇੱਕ ਹਾਥੀ ਉੱਤੇ ਬਿਠਾਇਆ ਗਿਆ। ਆਲੇ ਦੁਆਲੇ ਸਿੰਘਾਂ ਦੇ ਵੱਢੇ ਹੋਏ ਸਿਰ ਨੇਜ਼ਿਆਂ ਉੱਤੇ ਟੰਗ ਕੇ ਲਿਜਾਏ ਗਏ। ਕਾਫ਼ੀ ਗੱਡਿਆਂ ਉੱਤੇ ਸਿੰਘਾਂ ਦੇ ਸਿਰ ਲੱਦੇ ਹੋਏ ਸੀ। ਇੱਕ ਅੰਗਰੇਜ਼ ਇਤਿਹਾਸਕਾਰ, ਮੁਗਲਾਂ ਦੀ ਇਸ ਹਰਕਤ ਨੂੰ ਜੰਗਲੀ ਅਤੇ ਜ਼ਹਾਲਤ ਭਰੀ ਹਰਕਤ ਆਖਦਾ ਹੈ। ਮਾਰਚ 1716 ਨੂੰ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ। ਇਹ ਜਗ੍ਹਾ ਖਵਾਜ਼ਾ ਕੁਤਬਦੀਨ ਬਖਤਿਆਰ ਕਾਕੀ ਦੇ ਮਕਬਰੇ, ਕੁਤਬ ਮੀਨਾਰ ਦੇ ਨੇੜੇ ਸੀ।



ਰੋਜ਼ 100 ਸਿੱਖਾਂ ਨੂੰ ਸ਼ਹੀਦ ਕੀਤਾ ਜਾਂਦਾ। ਕਈ ਦਿਨਾਂ ਤੱਕ ਇਸ ਤਰ੍ਹਾਂ ਹੁੰਦਾ ਰਿਹਾ। ਫਿਰ ਤਿੰਨ ਮਹੀਨੇ ਬੰਦਾ ਸਿੰਘ ਨੂੰ ਮਨਾਉਣ ਵਿਚ ਲੱਗੇ ਰਹੇ। ਉਸ ਪਾਸੋਂ ਉਸ ਦੇ ਖਜ਼ਾਨੇ ਬਾਰੇ ਪੁੱਛਦੇ ਰਹੇ। ਇਸਲਾਮ ਧਰਮ ਧਾਰਨ ਕਰਨ ਲਈ ਕਹਿੰਦੇ ਰਹੇ ਪਰ ਉਹ ਨਾ ਖਜ਼ਾਨੇ ਦਾ ਪਤਾ ਲਗਾ ਸਕੇ ਨਾ ਉਸ ਦਾ ਧਰਮ ਬਦਲ ਸਕੇ। ਜੂਨ 1716 ਨੂੰ ਕਿਲੇ ਦੀ ਕੈਦ 'ਚੋਂ ਕੱਢਿਆ ਗਿਆ। ਉਸਦੀ ਪਤਨੀ(ਪਹਿਲੀ) ਤੇ ਚਾਰ ਸਾਲਾ ਪੁੱਤਰ ਅਜੈ ਸਿੰਘ ਵੀ ਨਾਲ ਸਨ। ਬੰਦਾ ਸਿੰਘ ਬਹਾਦਰ ਨੂੰ ਹਾਥੀ ਤੋਂ ਉਤਾਰ ਕੇ ਜ਼ਮੀਨ ਉਤੇ ਬਿਠਾ ਦਿੱਤਾ

ਗਿਆ। ਫਿਰ ਇਸਲਾਮ ਜਾਂ ਮੌਤ ਦੋਹਾਂ 'ਚੋਂ ਇਕ ਨੂੰ ਚੁਣਨ ਲਈ ਕਿਹਾ ਗਿਆ। ਬੰਦਾ ਸਿੰਘ ਨੇ ਸ਼ਹਾਦਤ ਨੂੰ ਚੁਣਿਆ। ਉਸ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਸ ਦੇ ਪੁੱਤਰ ਨੂੰ ਉਸ ਦੀ ਗੋਦੀ ਵਿਚ ਬਿਠਾ ਕੇ ਕਤਲ ਕੀਤਾ ਗਿਆ। ਉਸ ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਬੰਦਾ ਸਿੰਘ ਨੂੰ ਕਤਲ ਕਰਨਾ ਸ਼ੁਰੂ ਕੀਤਾ। ਪਹਿਲਾਂ ਉਸ ਦੀ ਇੱਕ ਅੱਖ ਕੱਢੀ, ਫਿਰ ਦੂਜੀ। ਫਿਰ ਵਾਰੀ ਵਾਰੀ ਹੱਥ ਪੈਰ ਵੱਢੇ ਗਏ ਫਿਰ ਭਖਦੇ ਜੰਬੂਰਾਂ ਨਾਲ ਉਸ ਦੇ ਸਰੀਰ ਦਾ ਮਾਸ ਨੋਚਿਆ ਗਿਆ। ਅੰਤ ਵਿਚ ਸਿਰ ਧੜ ਤੋਂ ਵੱਖ ਕਰਕੇ ਸਰੀਰ ਦੇ ਟੁਕੜੇ ਟੁਕੜੇ ਕਰ ਦਿੱਤੇ ਗਏ। ਬੰਦਾ ਸਿੰਘ ਦੇ ਯੁੱਧਾਂ ਤੇ ਉਸ ਦੇ ਜੀਵਨ ਨਾਲ ਸੰਬੰਧਿਤ ਅਲੌਕਿਕ ਘਟਨਾਵਾਂ ਦੀ ਚਰਚਾ ਬਹੁਤ ਦੇਰ ਤੱਕ ਚਲਦੀ ਰਹੀ। ਮਹਾਂ ਕਵੀ ਰਬਿੰਦਰ ਨਾਥ ਟੈਗੋਰ ਨੇ ਉਸ ਦੀ ਸ਼ਹਾਦਤ ਬਾਰੇ ਪੜ੍ਹ ਕੇ ਕਿਹਾ ਕਿ ਉਹ ਪੰਜਾਬ ਦਾ ਸ਼ੇਰ ਸੀ।"

ਇਉਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇੱਕ ਅਦੁੱਤੀ ਅਤੇ ਵਚਿੱਤਰ ਗਾਥਾ ਹੈ। ਮੁਗਲ ਉਸ ਦੇ ਨਾਂ ਤੋਂ ਕੰਬਦੇ ਸਨ। ਉਹ ਸਿੱਖਾਂ ਵਿਚ ਫੁੱਟ ਪਾ ਕੇ ਹੀ ਬੰਦਾ ਸਿੰਘ ਨੂੰ ਪਕੜ ਸਕੇ। ਇਸ ਦੀ ਸ਼ਹਾਦਤ ਨੂੰ ਸੈਂਕੜੇ ਸਾਲਾਂ ਤੱਕ ਅਣਗੌਲਿਆਂ ਰੱਖਿਆ ਗਿਆ। ਉਸ ਦੇ ਜੀਵਨ ਪ੍ਰਤੀ ਬਹੁਤ ਕੁਝ ਕੂੜ-ਕਪਟ, ਸਿੱਖ ਜਗਤ ਵਿਚ ਫੈਲਾਇਆ ਗਿਆ ਜੋ ਗੁਰਮਤਿ ਦੇ ਉਲਟ ਸੀ। ਜਦੋਂ ਕਿ ਬੰਦਾ ਸਿੰਘ ਅੰਮ੍ਰਿਤਧਾਰੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਨਿੰਨ ਸਿੱਖ ਸੀ। ਉਸ ਦੇ ਵਿਰੁੱਧ ਮਾਤਾ ਸੁੰਦਰੀ ਜੀ ਪਾਸੋਂ ਵੀ ਮਤੇ ਭੇਜੇ ਗਏ ਜਿਸ ਕਾਰਨ ਇਸ ਮਹਾਨ ਸ਼ਹੀਦ ਦੀ ਕੁਰਬਾਨੀ ਰੁਲੀ ਰਹੀ। ਪਰ ਹੁਣ ਉਸ ਦੀ ਸ਼ਹਾਦਤ ਦਾ ਇਤਿਹਾਸ ਵਿਚ ਉੱਚਾ ਸਥਾਨ ਬਣ ਚੁੱਕਾ ਹੈ।

ਬੰਦਾ ਸਿੰਘ ਕਮਾਈ ਏ ਧੰਨ ਤੇਰੀ,
ਜਦੋਂ ਤੀਕ ਧਰਤੀ ਅਸਮਾਨ ਰਹਿਸੀ।
ਜਦੋਂ ਤੀਕ ਇਹ ਰਹਿਣਗੇ ਚੰਦ ਤਾਰੇ,
ਜਦੋਂ ਤੀਕ ਚਮਕਦਾ ਭਾਨ ਰਹਿਸੀ।
ਜਦੋਂ ਤੀਕ ਇਤਿਹਾਸ ਦੇ ਹੈਨ ਪੰਨੇ,
ਜਦੋਂ ਤੀਕ ਵਿਚ ਪੰਥ ਦੇ ਜਾਨ ਰਹਿਸੀ।
ਤੀਰ ਤੇਗ ਤੇਰੀ ਕਦੇ ਭੁਲਸੀ ਨਾ,
ਬਣੀ ਤੇਰੀ ਸ਼ਹੀਦੀ ਦੀ ਸ਼ਾਨ ਰਹਿਸੀ।
ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ,
ਰਿਹਾ ਸਿੰਘ ਪੂਰਾ ਹਰ ਹਾਲ ਹੈਂ ਤੂੰ।
ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ,
ਦੇਸ਼ ਭਗਤ ਸਿਰਲੱਥ ਕਮਾਲ ਹੈਂ ਤੂੰ।
ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ,
ਅਣਖ ਆਣ ਦੀ ਇਕ ਮਿਸਾਲ ਹੈਂ ਤੂੰ।
ਤੈਨੂੰ ਏਸ ਲਈ ਸੀਸ ਨਿਵਾਂਵਦਾ ਹਾਂ,
ਰਿਹਾ ਖਾਲਸੇ ਦਾ ਅੰਗ ਪਾਲ ਹੈਂ ਤੂੰ।

(ਵਿਧਾਤਾ ਸਿੰਘ ਤੀਰ)

ਵਰਤਮਾਨ ਹਾਲਾਤ 'ਤੇ ਵਿਅੰਗ


## ਕਹਾਣੀ - ਅੰਡਾ ਹਾਲਟ

ਬਿਹਾਰ (ਹੁਣ ਝਾਰਖੰਡ) ਦੇ ਇੱਕ ਪਿੰਡ ਕੋਲੋਂ ਰੇਲ ਲਾਇਨ ਲੰਘਦੀ ਹੈ।ਇਹ ਬਾਕੀ ਭਾਰਤ ਨੂੰ ਰੇਲ ਰਾਹੀਂ ਉੱਤਰ-ਪੂਰਬ ਨਾਲ ਜੋੜਦੀ ਹੈ।ਰੇਲ ਲਾਇਨ ਦੇ ਦੋਵੇਂ ਪਾਸੇ ਅਚਾਨਕ ਕੰਡਿਆਲੀ ਤਾਰ ਲਾ ਦਿੱਤੀ ਜਾਂਦੀ ਹੈ।ਫਿਰ ਇੱਕ ਸਟੇਸ਼ਨ ਨੁਮਾ ਕਮਰਾ ਉੱਸਰ ਆਉਂਦਾ ਹੈ।ਸਟੇਸ਼ਨ ਦਾ ਕੋਈ ਨਾਮ ਨਹੀਂ ਪਰ ਇੱਥੇ ਮਿਲਟਰੀ ਸਪੈਸ਼ਲ ਗੱਡੀਆਂ ਰੁਕਣ ਲਗਦੀਆਂ ਹਨ।ਉਨ੍ਹਾਂ ਵਿੱਚ ਸਵਾਰ ਵਿਦੇਸ਼ੀ ਫ਼ੌਜੀਆਂ ਨੂੰ ਇੱਥੇ ਚਾਹ-ਕੌਫ਼ੀ ਅਤੇ ਬਿਸਕੁਟਾਂ ਤੇ ਉੱਬਲੇ ਹੋਏ ਆਂਡਿਆਂ ਦੀ ਰਿਫਰੈਸ਼ਮੈਂਟ ਦਿੱਤੀ ਜਾਂਦੀ ਹੈ।ਇਹ ਥਾਂ ਬਰਮਾ ਫਰੰਟ ਤੋਂ ਉੱਤਰ-ਪੂਰਬੀ ਭਾਰਤ ਵੱਲ ਵਧ ਰਹੀ ਜਾਪਾਨੀ ਫੌਜ ਦੇ ਜਹਾਜ਼ਾਂ ਦੀ ਬੰਬਾਰੀ ਦੀ ਮਾਰ ਤੋਂ ਸੁਰੱਖਿਅਤ ਹੈ।ਇਸੇ ਲਈ ਇਸ ਦੀ ਚੋਣ ਰਿਫਰੈਸ਼ਮੈਂਟ ਕੇਂਦਰ ਵਜੋਂ ਕੀਤੀ ਗਈ ਹੈ।ਇਨ੍ਹਾਂ ਮਿਲਟਰੀ ਸਪੈਸ਼ਲਾਂ ਨੂੰ ਪਿੰਡ ਵਾਸੀ ਆਪਣੇ ਖੇਤਾਂ ਵਿੱਚੋਂ ਉਤਸਕਤਾ ਵੱਸ ਦੇਖਦੇ ਜ਼ਰੂਰ ਹਨ ਪਰ ਕੰਡਿਆਲੀ ਤਾਰ ਦੇ ਨੇੜੇ ਜਾਣ ਦੀ ਕੋਈ ਜ਼ੁਰਅਤ ਨਹੀਂ ਕਰਦਾ।ਇੱਕ ਦਿਨ ਅੱਠ ਕੁ ਸਾਲ ਦਾ ਇੱਕ ਬੱਚਾ ਤਾਰ ਦੇ ਨੇੜੇ ਜਾ ਪਹੁੰਚਦਾ ਹੈ।ਬਿਸਕੁਟ ਤੇ ਉੱਬਲੇ ਆਂਡੇ ਖਾ ਰਹੇ ਫ਼ੌਜੀਆਂ ਵੱਲ ਉਸ ਦੀਆਂ ਲਲਚਾਈਆਂ ਨਜ਼ਰਾਂ ਦੇਖ ਕੇ ਇੱਕ ਫੌਜੀ ਪਸੀਜ ਜਾਂਦਾ ਹੈ।ਉਹ ਤਾਰ ਦੇ ਅੰਦਰੋਂ ਉਸ ਮੁੰਡੇ ਨੂੰ ਇੱਕ ਆਂਡਾ ਤੇ ਚੁਆਨੀ ਫੜਾ ਦਿੰਦਾ ਹੈ।ਅਗਲੇ ਦਿਨ ਮਿਲਟਰੀ ਸਪੈਸ਼ਲ ਆਉਣ 'ਤੇ ਉਸ ਮੁੰਡੇ ਨਾਲ ਦੋ ਸਾਥੀ ਵੀ ਹੁੰਦੇ ਹਨ।ਫਿਰ ਹਰ ਰੋਜ਼ ਗਿਣਤੀ ਵਧਦੀ ਜਾਂਦੀ ਹੈ।ਬੱਚਿਆਂ ਦੀ ਭੀੜ ਵਿੱਚ ਵੱਡੇ ਵੀ ਸ਼ੁਮਾਰ ਹੋ ਜਾਂਦੇ ਹਨ।ਖੇਤਾਂ ਵਿੱਚ ਕੰਮ ਕਰਨ ਦੀ ਥਾਂ ਉਨ੍ਹਾ ਦੀ ਨਜ਼ਰ ਰੇਲ ਪੱਟੜੀ ਵੱਲ ਲੱਗੀ ਰਹਿੰਦੀ ਹੈ।ਮਿਲਟਰੀ ਸਪੈਸ਼ਲ ਆਉਂਦਿਆਂ ਹੀ ਪੂਰਾ ਪਿੰਡ ਵਾੜ ਨੇੜੇ ਪਹੁੰਚਣ ਲਗਦਾ ਹੈ।ਬਿਸਕੁਟਾਂ ਤੇ ਆਂਡਿਆਂ ਲਈ ਉਨ੍ਹਾਂ ਦੀ ਛੀਨਾ-ਝਪਟੀ ਵਿਦੇਸ਼ੀ ਫੌਜੀਆਂ ਲਈ ਮਨਪ੍ਰਚਾਵੇ ਦਾ ਸਾਧਨ ਬਣ ਜਾਂਦੀ ਹੈ।ਫਿਰ ਜੰਗ ਖਤਮ ਹੋ ਜਾਂਦੀ ਹੈ ਅਤੇ ਮਿਲਟਰੀ ਸਪੈਸ਼ਲਾਂ ਦੀ ਆਮਦ ਵੀ ਬੰਦ ਹੋ ਜਾਂਦੀ ਹੈ।ਪਰ ਉਦੋਂ ਤੱਕ ਪਿੰਡ ਵਾਸੀ ਖ਼ੈਰਾਤ ਦੇ ਇੰਨੇ ਆਦੀ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਖੇਤਾਂ ਵਿੱਚ ਕੰਮ ਕਰਨਾ ਵੱਡਾ ਤਰੱਦਦ ਜਾਪਣ ਲਗਦਾ ਹੈ।ਉਹ ਕੰਡਿਆਲੀ ਤਾਰ ਦੇ ਨਾਲ ਨਾਲ ਫੈਲੇ ਆਂਡਿਆਂ ਦੇ ਛਿਲਕਿਆਂ ਨੂੰ ਫਰੋਲਦੇ ਫਿਰਦੇ ਹਨ ਤਾਂ ਜੋ ਕਿਤੇ ਕਿਸੇ ਆਂਡੇ ਦਾ ਅਣਖਾਧਾ ਟੁਕੜਾ ਮਿਲ ਜਾਏ।

ਮੂਲ ਲੇਖਕ-ਰਮਾਪੰਦ ਚੌਧਰੀ(ਪੰਜਾਬੀ ਟ੍ਰਿਬਿਊਨ 'ਚੋ ਧੰਨਵਾਦ ਸਹਿਤ)

"ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੋਟਾਂ ਬਟੋਰਨ ਖਾਤਰ ਗਰੀਬਾਂ ਨੂੰ ਰੁਜ਼ਗਾਰ ਦੇਣ ਦੀ ਬਿਜਾਏ ਮੁਫਤ ਜਾਂ ਸਸਤੇ ਭਾਅ 'ਤੇ ਅਨਾਜ ਅਤੇ ਹੋਰ ਵਰਤੋਂ ਦੀਆਂ ਚੀਜ਼ਾਂ ਦੇ ਰਹੀਆਂ ਹਨ ਜਿਸ ਨਾਲ ਕੁੱਝ ਸਾਲਾਂ ਵਿੱਚ ਲੋਕ ਖਸਿਆਰੇ ਤੇ ਮੰਗਤੇ ਬਣ ਜਾਣਗੇ।

-ਸੰਪਾਦਕ



## NEW LIFE MEMBERS OF "SAINI BHAWAN"

Continued from page No. 24 of 21st Issue




**481. S.Gurmeet Singh Jatana**
S/o S.Bakhtawar Singh
#517 Sec.33B Chandigarh
Profession-Govt.Contractor.



**482. S.Joginder Singh Diwana**
V&P.O.Bhungarni,
Dist.Hoshiarpur
Now R/O Tauranga-
Newzeland
Profession-Businessman




**483. Smt.Palwinder Kaur(Rani)**
W/O S.Kulwant Singh
Vill.Thali P.O.Ghanauli.
Distt. Rupnagar
Ex. Member Zila Prishad



**484. Sh.Dalip Singh**
# 5077,Sukhrampur Tapprian,
Rupnagar
Profession- Ret.Hd. Draftman



**485. S.Parveer Singh**
S/O S.Gurmail Singh
V&P.O.Katli,Distt.Rupnagar
Profession-Shopkeeper



**486. S.Tarlochan Singh Saini**
#1041,Sector-8 Chandigarh
M.D. Silver Oak International
School Dasuya (Hoshiarpur)



**487. S. Amandeep Singh**
S/o. S. Tarlochan Singh
Nagda, Distt. Ujain (M.P.)
Qualification : M.Com.
Profession : Transporter
& P.A. to Central Cabinet Minister

-Compiled by : Gurcharan Singh



## FIVE YEAR MEMBERS OF "SAINI SANSAR"

Continued from page No. 19 of 19th Issue

**583. S. Ranvir Singh Saini**
S.A.B.S. Nagar, Ropar

**584. S. Gurinder Singh Mangar**
Mumbai

**585. S. Gurvinder Singh**
V.P.O. Sarthali, Distt. Ropar

**586. S. Prabhjot Singh**
Vill. Kherabad, P.O. Phool, Distt. Ropar

**587. S. Arvinder Singh**
Dharam Kanda Asron

**588. S. Rajiv Bharli A.E.**
# 14A, Officer Colony, Ropar

**589. S. Tarlochan Singh**
#61, Piara Singh Colony, Ropar

**590. S. Jagir Singh**
Vill. Kherabad, P.O. Phool, Distt. Ropar

**591. Smt. Vijay Laxmi**
# 1585/B/7, Gandhi Chowk, Ropar

**592. S. Gurdial Singh**
Vill. Railon Khurd, Distt. Ropar

**593. S. Harban Singh**
Hira Cold Store, Chandigarh Road, Ropar

**594. S. Mohan Singh Inspector (Retd.)**
Vill. Paprala, Distt. Ropar

**595. S. Rajinder Singh**
Vill. Haveli Kalan, Ropar

**596. S. Karamjeet Singh**
Near Saini Bhawan, Ropar

**597. S. Jagjeet Singh**
#70-C, Saini Bhawan Road, Ropar

**598. Smt. Inderjeet Kaur Walia**

**599. S. Gurnam Singh**
Vill. Shampura, Ropar

**600. Smt. Surjeet Kaur**
# 2426, Ucha Khera, Phool Chakkar, Ropar

**601. S. Dhian Singh**
# Vill. Shampura, Ropar

-Compiled by : Ajmer Singh



L.R.Mundra

## Shining Light House of Saini Bhawan Rupnagar


Advocate Baldev Singh
Mumbai

A person normally gets modified based upon his environment and surroundings.This proved to be very true in case of Mr. L. R. Mundra. He was born in village Haveli Kalan situated at the banks of river (darya) Sutlej.It is customary and expected that he should be (Darya Dil) Big Lion –Hearted person. He had been doing many charitable works investing his very life into their execution,but now his Lion Heartedness has been further well demonstrated by the huge donation of ***Rupees Fifty Lacs** for the education of the not-so privileged members of our society.

This donation not only increased the cash of Saini Bhawan Education Trust but it has also reinforced the Trust and Faith of other Donors who might have not known the Trust closely and could have harbored ,howsoever small ,apprehensions about the use of their money in the right manner as now,in practice of what he encouraged ,the Chairman has himself granted such a large sum from his own hard-earned savings.

In High dangerous and treacherous Seas ,somewhere near the approaches to the Sea Port there is often a Light House that emanates sufficient light signals in the night to guide any potentially wayward ships to follow a safe route to reach their destination without causing an accident or falling astray no matter how bad the weather,or how dark the night.It will be appropriate for me to compare this action of his mighty donation as being a Light House and Shining Beacon for the society ,guiding them to make good,fruitful use of their savings in service of society.We appreciate and commend such generous action and **congratulate** him along with a ship full of thanks from right-thinking people.

According to legal terminology there are two elements that control donations and charity which is necessary for our society to progress and evolve equitably.(One)-Person should be **capable** to pay,(Two)-Person should have **intention** to pay.Our society might have many persons possessing the first element but it is the second one that is missing often.It is expected that *Darya Dilly* demonstrated by our Light House will have a very positive effect on the persons that do have element number(one).




In general,this occasion will serve as a stong wake –up call for those few of us who are philanthropist but are unable to decide about their contribution to the organization for fear and apprehension of whether their charities might fall into the wrong hands.

Spreading of education in the region will result in overall development of our society and area and hence a great service to mankind.

(*The amount has been increased to Sixty Lacs-editor)

## Thanks For Financial Help

- **S. Tarlochan Singh Saini** M.D. Silver Oak International School, Dauya (Hoshiarpur) resident of H.No. 1041, Sec. 8, Chandigarh, has donated Rs. One Lac (100000/-) to Saini Bhawan.



- **S. Sukhwinder Singh** Desumajra father of S. Tejdeep Singh Saini P.C.S. has helped Saini Bhawan Rupnagar with Rs. one Lac (100000/-).





ਜੀਵਨ-ਜਾਚ

# ਵਾਧੂ ਸੋਚ ਤੋਂ ਛੁਟਕਾਰਾ

ਡਾ. ਰਣਜੀਤ ਸਿੰਘ ਤੰਬੜ

ਫ਼ਿਕਰ, ਤਣਾਉ, ਗੁੱਸਾ, ਹਉਮੈ, ਤ੍ਰਿਸ਼ਨਾ ਆਦਿ ਪੰਛੀ ਸਾਡੇ ਆਲੇ-ਦੁਆਲੇ ਉੱਡਦੇ ਫਿਰਦੇ ਹਨ। ਅਸੀਂ ਇਨ੍ਹਾਂ ਨੂੰ ਉੱਡਣ ਤੋਂ ਤਾਂ ਰੋਕ ਨਹੀਂ ਸਕਦੇ ਪਰ ਇਹ ਜ਼ਰੂਰ ਕਰ ਸਕਦੇ ਹਾਂ ਕਿ ਇਨ੍ਹਾਂ ਨੂੰ ਆਪਣੇ ਸਿਰ ਉੱਤੇ ਆਲ੍ਹਣੇ ਨਾ ਬਨਾਉਣ ਦੇਈਏ। ਜੇਕਰ ਇੱਕ ਵਾਰ ਇਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਆਲ੍ਹਣਾ ਪਾ ਲਿਆ ਤਾਂ ਫ਼ਿਰ ਉਸ ਨੂੰ ਤੋੜਨਾ ਔਖਾ ਹੋ ਜਾਵੇਗਾ, ਸਗੋਂ ਉਸ ਦੇ ਸਾਥੀ ਵੀ ਉਥੇ ਆਪਣਾ ਆਲ੍ਹਣਾ ਬਣਾ ਲੈਣਗੇ। ਉਡਦੇ ਫਿਰ ਰਹੇ ਇਨ੍ਹਾਂ ਪੰਛੀਆਂ ਨੂੰ ਵੇਖ ਜੇਕਰ ਕੋਈ ਘਬਰਾ ਜਾਂਦਾ ਹੈ ਤਾਂ ਇਸ ਦਾ ਲਾਭ ਉਠਾਉਂਦਿਆਂ ਹੋਇਆਂ ਉਹ ਉਸ ਕੋਲ ਹੀ ਬਸੇਰਾ ਕਰ ਲੈਂਦੇ ਹਨ। ਇਨ੍ਹਾਂ ਦੀਆਂ ਉਡਾਰੀਆਂ ਨੂੰ ਧੀਰਜ ਨਾਲ ਵੇਖਦਿਆਂ ਇਨ੍ਹਾਂ ਨੂੰ ਆਪਣੇ ਤੋਂ ਦੂਰ ਰੱਖਿਆ ਜਾ ਸਕਦਾ ਹੈ।

ਜਿਸ ਨੂੰ ਆਪਣੇ ਆਪ ਉਤੇ ਭਰੋਸਾ ਹੈ, ਉਹ ਆਤਮ-ਸ਼ਕਤੀ ਨਾਲ ਇਨ੍ਹਾਂ ਨੂੰ ਕਦੇ ਨੇੜੇ ਨਹੀਂ ਢੁੱਕਣ ਦੇਵੇਗਾ। ਜੇਕਰ ਧੀਰਜ ਦਾ ਪੱਲਾ ਛੱਡ ਘਬਰਾਹਟ ਲੜ ਲੱਗ ਜਾਈਏ ਤਾਂ ਇਨ੍ਹਾਂ ਦਾ ਮੁਕਾਬਲਾ ਕਰਨਾ ਔਖਾ ਹੋ ਜਾਂਦਾ ਹੈ। ਮਨੁੱਖ ਵਿਚੋਂ ਸਵੈ-ਵਿਸ਼ਵਾਸ ਖਤਮ ਹੋਣ ਲੱਗਦਾ ਹੈ ਅਤੇ ਉਸ ਦਾ ਆਤਮ ਸ਼ਕਤੀ ਤੋਂ ਭਰੋਸਾ ਮੁੱਕਣ ਲੱਗਦਾ ਹੈ। ਧੀਰਜ ਵਾਲਾ ਕੇਵਲ ਆਪਣੇ ਆਪ ਉੱਤੇ ਹੀ ਭਰੋਸਾ ਨਹੀਂ ਬਣਾਈ ਰੱਖਦਾ ਸਗੋਂ ਦੂਜਿਆਂ ਦਾ ਸਤਿਕਾਰ ਅਤੇ ਪਰਿਵਾਰਿਕ ਮੈਂਬਰਾਂ ਦਾ ਪਿਆਰ ਵੀ ਪ੍ਰਾਪਤ ਕਰ ਲੈਂਦਾ ਹੈ।

ਘਬਰਾਹਟ ਹੀ ਸਾਰੇ ਹਾਦਸਿਆਂ ਦਾ ਆਧਾਰ ਬਣਦੀ ਹੈ। ਆਤਮ-ਵਿਸ਼ਵਾਸ ਦੀ ਥਾਂ ਘਟੀਆਪਨ ਦਾ ਅਹਿਸਾਸ ਅੰਦਰ ਉਪਜਣਾ ਸ਼ੁਰੂ ਹੋ ਜਾਂਦਾ ਹੈ। ਇਹ ਅਹਿਸਾਸ ਵਿਕਾਸ ਦੇ ਰਾਹ ਦਾ ਰੋੜਾ ਬਣ ਜਾਂਦਾ ਹੈ। ਤਰੱਕੀ ਦੀਆਂ ਪੌੜੀਆਂ ਚੜ੍ਹਨ ਦੀ ਥਾਂ ਮਨੁੱਖ ਇੱਕੋ ਡੰਡੇ ਉੱਤੇ ਬੈਠ ਜਾਂਦਾ ਹੈ ਅਤੇ ਵਾਪਸ ਮੁੜਨ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਉਹ ਨਿਰਾਸ਼ਤਾ ਦੇ ਘੇਰੇ ਵਿੱਚ ਆ ਜਾਂਦਾ ਹੈ। ਨਿਰਾਸ਼ਾਵਾਦੀ ਮਨੁੱਖ ਜਿੱਤ ਦੀ ਥਾਂ ਹਾਰ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਉਸ ਦੀ ਬੋਲਚਾਲ ਵਿਚੋਂ ਘਟੀਆਪਨ ਦੀ ਝਲਕ ਆਉਣ ਲੱਗ ਪੈਂਦੀ ਹੈ। ਮਨੁੱਖੀ ਸ਼ਖ਼ਸੀਅਤ ਉੱਤੇ ਘਟੀਆਪਨ ਦਾ ਬੁਰਾ ਪ੍ਰਭਾਵ ਪੈਂਦਾ ਹੈ। ਰਿਸ਼ਤੇ ਤਿੜਕਣੇ ਸ਼ੁਰੂ ਹੋ ਜਾਂਦੇ ਹਨ, ਵਤੀਰਾ ਬਦਲ ਜਾਂਦਾ ਹੈ ਅਤੇ ਚੰਗੀਆਂ ਆਦਤਾਂ ਦੂਰ ਹੋਣ ਲੱਗਦੀਆਂ ਹਨ। ਮਨੁੱਖ ਦੇ ਅੰਦਰਲਾ ਡਰ ਉਸ ਦੀ ਝਿਜਕ ਬਣ ਜਾਂਦਾ ਹੈ। ਹੌਲੀ ਹੌਲੀ ਇਹ ਝਿਜਕ ਉਸ ਨੂੰ ਆਪਣੇ ਘੇਰੇ ਵਿਚ ਲੈ ਲੈਂਦੀ ਹੈ ਅਤੇ ਇਨਸਾਨ ਇਸੇ ਘੇਰੇ ਵਿਚ ਘੁੰਮਦਾ ਰਹਿੰਦਾ ਹੈ, ਪਰੰਤੂ ਹਿੰਮਤ ਕਰਕੇ ਇਸ ਲਕਸ਼ਮਣ ਰੇਖਾ ਨੂੰ ਪਾਰ ਕਰਨ ਦਾ ਹੌਂਸਲਾ ਨਹੀਂ ਕਰ ਸਕਦਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਮਨੁੱਖ ਦੇ ਮਨ ਵਿਚ ਹੀਣਤਾ ਦਾ ਅਹਿਸਾਸ ਘਰ ਕਰ ਜਾਵੇ ਤਾਂ ਉਸ ਤੋਂ ਸੁਰਖਰੂ ਹੋਣਾ ਬੜਾ ਔਖਾ ਹੋ ਜਾਂਦਾ ਹੈ, ਫਿਰ ਵੀ ਇਨਸਾਨ ਜੇਕਰ ਚਾਹਵੇ ਤਾਂ ਇਸ ਭਾਵ ਉੱਤੇ ਕਾਬੂ ਪਾ ਸਕਦਾ ਹੈ। ਕਿਸੇ ਵੀ ਬਿਮਾਰੀ ਦਾ ਉਦੋਂ ਤੱਕ ਇਲਾਜ ਨਹੀਂ ਹੋ ਸਕਦਾ ਜਦੋਂ ਤੱਕ ਉਸ ਦੇ ਕਾਰਨਾਂ ਨੂੰ ਨਾ ਲੱਭਿਆ ਜਾਵੇ। ਜੜ੍ਹ ਨੂੰ ਕੱਟਿਆਂ ਹੀ ਬਿਮਾਰੀ ਉੱਤੇ ਪੂਰੀ ਤਰ੍ਹਾਂ ਕਾਬੂ ਪਾਇਆ ਜਾ ਸਕਦਾ ਹੈ। ਇਸ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਹੀਣਤਾ ਦੀ ਭਾਵਨਾ ਮਨੁੱਖ ਵਿਚ ਕਿਉਂ ਜਨਮ ਲੈਂਦੀ ਹੈ?

ਸਵੈ-ਅਕਸ:

ਕੋਈ ਵੀ ਮਨੁੱਖ ਸ਼ਾਇਦ ਅਜਿਹਾ ਨਹੀਂ ਹੋਵੇਗਾ ਜਿਸ ਵਿਚ ਸਾਰੀਆਂ ਹੀ ਚੰਗੀਆਂ ਜਾਂ ਸਾਰੀਆਂ ਹੀ ਮਾੜੀਆਂ ਆਦਤਾਂ ਹੋਣ। ਦੂਸਰਿਆਂ ਦੀਆਂ ਬੁਰੀਆਂ ਆਦਤਾਂ ਤਾਂ ਸਾਨੂੰ ਬਹੁਤ ਜਲਦੀ ਨਜ਼ਰ ਆ ਜਾਂਦੀਆਂ ਹਨ ਪਰੰਤੂ ਬਹੁਤ ਹੀ ਘੱਟ ਲੋਕ ਹਨ ਜਿਨ੍ਹਾਂ ਨੂੰ ਆਪਣੀਆਂ ਬੁਰੀਆਂ ਆਦਤਾਂ ਨਜ਼ਰ ਆਉਂਦੀਆਂ ਹੋਣ। ਅਸੀਂ ਦੂਜਿਆਂ ਦੀਆਂ ਕਈ ਆਦਤਾਂ ਪਸੰਦ ਨਹੀਂ ਕਰਦੇ ਅਤੇ ਇਹ ਸਮਝਦੇ ਹਾਂ ਕਿ ਉਨ੍ਹਾਂ ਦੀ ਅਲੋਚਨਾ ਕਰਨਾ ਸਾਡਾ ਜਨਮ ਸਿੱਧ ਅਧਿਕਾਰ ਹੈ। ਪਰੰਤੂ ਆਪਣੀਆਂ ਭੈੜੀਆਂ ਆਦਤਾਂ ਵੱਲ ਝਾਤ ਮਾਰਨ ਦੀ ਕੋਸ਼ਿਸ਼ ਨਹੀਂ ਕਰਦੇ।

ਜੇਕਰ ਕਦੇ ਝਾਤ ਮਾਰਨ ਦੀ ਕੋਸ਼ਿਸ਼ ਕਰਦੇ ਵੀ ਹਾਂ ਤਾਂ ਉਸ ਨਜ਼ਰ ਨਾਲ ਨਹੀਂ ਵੇਖਦੇ ਜਿਸ ਨਾਲ ਅਸੀਂ ਦੂਜਿਆਂ ਨੂੰ ਪਰਖਦੇ ਹਾਂ। ਇਸੇ ਨਜ਼ਰ ਦੇ ਭੁਲੇਖੇ ਦੇ ਆਧਾਰ ਉੱਤੇ ਹਰ ਮਨੁੱਖ ਆਪਣੇ ਬਾਰੇ ਕੁਝ ਵਿਚਾਰ ਬਣਾ ਲੈਂਦਾ ਹੈ। ਇਨ੍ਹਾਂ ਵਿਚਾਰਾਂ ਨੂੰ ਸਵੈ-ਅਕਸ ਆਖਿਆ ਜਾਂਦਾ ਹੈ। ਇਹ ਸਵੈ-ਅਕਸ ਜਿੰਨਾ ਕੁ ਅਸਲੀਅਤ ਦੇ ਨੇੜੇ ਹੋਵੇਗਾ ਉਨ੍ਹਾਂ ਹੀ ਮਨੁੱਖ ਆਪਣੇ ਬਾਰੇ ਸਹੀ ਕਿਆਸ ਕਰ ਸਕੇਗਾ ਨਹੀਂ ਤਾਂ ਉਹ ਗਲਤਫ਼ਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ। ਅਸੀਂ ਹੋਰ ਕਿਸੇ ਨੂੰ ਇਹ ਹੱਕ ਨਹੀਂ ਬਖਸ਼ਦੇ ਕਿ ਸਾਡੀ ਮਨਜ਼ੂਰੀ ਬਿਨਾਂ ਇਸ ਵਿਚ ਕੋਈ ਤਬਦੀਲੀ ਕਰਨ ਦੀ ਜੁਰਅੱਤ ਕਰ ਸਕੇ। ਜੇਕਰ ਕੋਈ ਅਜਿਹੀ ਗੁਸਤਾਖ਼ੀ ਕਰਨ ਦੀ ਕੋਸ਼ਿਸ਼ ਕਰੇ ਤਾਂ ਅਸੀਂ ਉਸ ਨੂੰ ਆਪਣਾ ਦੁਸ਼ਮਣ ਸਮਝਣ ਲੱਗ ਪੈਂਦੇ ਹਾਂ।

ਜੇਕਰ ਸਾਡੀ ਕਿਸੇ ਭੈੜੀ ਆਦਤ ਨੂੰ ਕੋਈ ਚਿਤਾਰ ਵੀ ਦੇਵੇ ਤਾਂ ਅਸੀਂ ਇਹ ਮੰਨਣ ਲਈ ਤਿਆਰ ਹੀ ਨਹੀਂ ਹੁੰਦੇ ਕਿ ਸਾਡੀ ਇਹ ਭੈੜੀ ਆਦਤ ਹੈ। ਆਪਣੇ ਅੰਦਰ ਝਾਤ ਮਾਰਦੇ ਰਹਿਣਾ ਮਹਾਨਤਾ ਦੀ ਨਿਸ਼ਾਨੀ ਹੈ। ਇਸ ਨਾਲ ਮਨੁੱਖ ਦੀ ਸ਼ਖ਼ਸੀਅਤ ਵਿਚ ਨਿਖਾਰ ਆਉਂਦਾ ਹੈ। ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰ ਸਕਦੇ ਹਾਂ ਅਤੇ ਹੌਲੀ ਹੌਲੀ ਆਪਣੇ ਆਪ ਨੂੰ ਇੱਕ ਯੋਗ, ਸੱਚਾ-ਸੁੱਚਾ ਅਤੇ ਹਰਮਨ ਪਿਆਰਾ ਇਨਸਾਨ ਬਣਾ ਸਕਦੇ ਹਾਂ। ਆਪਣੀਆਂ ਗਲਤ ਆਦਤਾਂ ਨੂੰ ਸਹੀ ਸਿੱਧ ਕਰਨ ਦੀ ਥਾਂ ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼

ਕਰਨੀ ਚਾਹੀਦੀ ਹੈ ਨਹੀਂ ਤਾਂ ਜਦੋਂ ਲੋਕ ਸਾਡੀਆਂ ਆਦਤਾਂ ਦੀ ਪੜਚੋਲ ਕਰਨਗੇ ਉਦੋਂ ਜਾਂ ਤਾਂ ਅਸੀਂ ਉਨ੍ਹਾਂ ਦੇ ਗਲ ਪੈ ਜਾਵਾਂਗੇ ਜਾਂ ਲੋਕਾਂ ਦੇ ਮੱਥੇ ਲੱਗਣੋਂ ਹਟ ਜਾਵਾਂਗੇ। ਇਹ ਦੋਵੇਂ ਸੁਭਾ ਘਟੀਆਪਨ ਦੇ ਅਹਿਸਾਸ ਦੀ ਉਪਜ ਹਨ। ਹੌਲੀ-ਹੌਲੀ ਮਨੁੱਖ ਦੇ ਮਨ ਵਿਚ ਡਰ ਅਤ ਨਿਰਾਸ਼ਤਾ ਘਰ ਕਰ ਲੈਂਦੀ ਹੈ।

ਜਦੋਂ ਅਸੀਂ ਜੋ ਕੁਝ ਚਾਹੁੰਦੇ ਹਾਂ ਉਹ ਨਾ ਮਿਲੇ ਜਾਂ ਉਸ ਦੀ ਪ੍ਰਾਪਤੀ ਦੇ ਰਾਹ ਵਿਚ ਰੋੜੇ ਹੋਣ ਤਾਂ ਮਾਯੂਸੀ ਹੁੰਦੀ ਹੈ ਅਤੇ ਗੁੱਸਾ ਆਉਂਦਾ ਹੈ। ਜਦੋਂ ਮਨੁੱਖ ਗੁੱਸੇ ਵਿਚ ਹੁੰਦਾ ਹੈ ਤਾਂ ਉਸ ਦੀ ਭੌਤਿਕ ਕਿਰਿਆ ਤੇਜ਼ ਹੋ ਜਾਂਦੀ ਹੈ ਅਤੇ ਇੱਕ ਰਸਾਇਣ ਜਿਸ ਨੂੰ ਐਂਡਰੀਨਾਲਿਨ ਆਖਿਆ ਜਾਂਦਾ ਹੈ, ਪੈਦਾ ਹੁੰਦਾ ਹੈ। ਇਹ ਸਰੀਰ ਨੂੰ ਇਕ ਵਿਸ਼ੇਸ਼ ਫੁਰਤੀ ਦਿੰਦਾ ਹੈ, ਉਦੋਂ ਮਨੁੱਖ ਵਿਚ ਅਥਾਹ ਸ਼ਕਤੀ ਆ ਜਾਂਦੀ ਹੈ।

ਜਦੋਂ ਅਚਾਨਕ ਕਿਸੇ ਖਤਰੇ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਮੁਕਾਬਲਾ ਇਨੀ ਸ਼ਕਤੀ ਨਾਲ ਕਰਦੇ ਹਾਂ ਕਿ ਸਾਨੂੰ ਆਪ ਯਕੀਨ ਨਹੀਂ ਹੁੰਦਾ ਕਿ ਇਹ ਸਭ ਕੁਝ ਅਸੀਂ ਆਪ ਹੀ ਕਰ ਰਹੇ ਹਾਂ। ਇਸ ਨਵੀਂ ਸ਼ਕਤੀ ਦਾ ਨਿਕਾਸ ਜ਼ਰੂਰੀ ਹੈ।

ਸਰੀਰਕ ਖ਼ਤਰੇ ਦਾ ਮੁਕਾਬਲਾ ਕਰਦੇ ਹੋਏ ਸਾਡੀ ਇਸ ਸ਼ਕਤੀ ਦਾ ਨਿਕਾਸ ਹੋ ਜਾਂਦਾ ਹੈ ਪਰ ਮਾਨਸਿਕ ਜਾਂ ਸਮਾਜਿਕ ਖ਼ਤਰੇ ਸਮੇਂ ਕਈ ਵਾਰ ਸਾਨੂੰ ਸਵੈ-ਕਾਬੂ ਕਰਨਾ ਪੈਂਦਾ ਹੈ ਅਜਿਹੀ ਸਥਿਤੀ ਵਿਚ ਬਹੁਤ ਝੁੰਝਲਾਹਟ ਹੁੰਦੀ ਹੈ। ਮਨ ਕਰਦਾ ਹੈ ਕਿ ਜੋ ਕੁਝ ਵੀ ਸਾਡੇ ਸਾਹਮਣੇ ਹੈ ਉਸ ਨੂੰ ਤੋੜ ਦੇਈਏ। ਜੇਕਰ ਇਹ ਗੁੱਸਾ ਕਿਤੇ ਖਾਰਜ ਨਾ ਹੋਵੇ ਤਾਂ ਇਹ ਅੰਦਰ ਹੀ ਰਹਿੰਦਾ ਹੈ ਅਤੇ ਹੌਲੀ-ਹੌਲੀ ਮਨੁੱਖ ਨੂੰ ਚਿੜਚਿੜਾ ਬਣਾ ਦਿੰਦਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਜਦੋਂ ਅਸੀਂ ਆਪਣੇ ਸਵੈ-ਅਕਸ ਨੂੰ ਖ਼ਤਰਾ ਮਹਿਸੂਸ ਕਰਦੇ ਹਾਂ, ਉਦੋਂ ਅਸੀਂ ਜਾਂ ਤਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਾਂ ਜਾਂ ਡਰ ਕੇ ਅਗਲੇ ਦੇ ਮੱਥੇ ਲੱਗਣੋਂ ਹਟ ਜਾਂਦੇ ਹਾਂ। ਇਹ ਦੋਵੇਂ ਸਥਿਤੀਆਂ ਭੈੜੀਆਂ ਹਨ। ਦੋਵਾਂ ਦਾ ਅੰਤ ਨਿਰਾਸ਼ਤਾ ਵਿਚ ਹੁੰਦਾ ਹੈ।

ਢਾਹੂ ਕਿਸਮ ਦੇ ਗੁੱਸੇ ਤੋਂ ਖਹਿੜਾ ਛਡਾਉਣਾ ਚਾਹੀਦਾ ਹੈ। ਮਨੁੱਖ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਉਸ ਨੂੰ ਗੁੱਸਾ ਆਉਂਦਾ ਹੈ ਪਰ ਇਸ ਸ਼ਕਤੀ ਨੂੰ ਉਸਾਰੀ ਦੇ ਕੰਮਾਂ ਲਈ ਇਸਤੇਮਾਲ ਕਰਨਾ ਚਾਹੀਦਾ ਹੈ, ਦੋਹਾਂ ਹਾਲਤਾਂ ਵਿਚ ਡਰ ਹੀ ਸਾਡਾ ਅਧਾਰ ਹੁੰਦਾ ਹੈ। ਇਹ ਡਰ ਫ਼ੇਲ੍ਹ ਹੋਣ ਦਾ ਤ੍ਰਿਸਕਾਰੇ ਜਾਣ ਦਾ ਹੋ ਸਕਦਾ ਹੈ ਜਾਂ ਡਾਂਟ-ਡਪਟ ਦਾ ਵੀ ਹੋ ਸਕਦਾ ਹੈ। ਡਰ ਫ਼ਿਕਰ ਨੂੰ ਜਨਮ ਦਿੰਦਾ ਹੈ। ਕਈ ਵਾਰ ਫ਼ਿਕਰ ਦੀ ਵਿਆਖਿਆ ਨਹੀਂ ਹੋ ਸਕਦੀ ਪਰ ਮਨੁੱਖ ਅੰਦਰੋਂ-ਅੰਦਰ ਹੀ ਘੁਲਦਾ ਰਹਿੰਦਾ ਹੈ।

ਜਦੋਂ ਵੀ ਸਾਨੂੰ ਹੀਣ ਭਾਵਨਾ ਹੋਵੇ ਤਾਂ ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ ਅਸੀਂ ਕਿਸ ਤੋਂ ਅਤੇਕਿਵੇ ਘਟੀਆ ਹਾਂ? ਕਦੇ ਨਾ ਕਦੇ ਕਿਸੇ ਵਿਸ਼ੇਸ਼ ਪ੍ਰਸਥਿਤੀ ਵਿਚ ਮਨੁੱਖ ਨੂੰ ਘਟੀਆਪਨ ਦਾ ਅਹਿਸਾਸ ਜ਼ਰੂਰ ਹੁੰਦਾ ਹੈ ਪਰੰਤੂ ਜੇਕਰ ਇਸ ਨੂੰ ਸਥਾਈ ਸੱਚ ਮੰਨ ਲਿਆ ਜਾਵੇ ਤਾਂ ਅਸੀਂ ਲੋਕਾਂ ਨੂੰ ਮਿਲਣ ਤੋਂ ਸੰਕੋਚ ਕਰਾਂਗੇ, ਕਿਸੇ ਵੀ ਮੁਕਾਬਲੇ ਵਿਚ ਨਹੀਂ ਜਾਵਾਂਗੇ ਅਤੇ ਨਾ ਹੀ ਕਿਸੇ ਨਾਲ ਸਹਿਯੋਗ ਕਰਾਂਗੇ। ਸਾਡੇ ਅੰਦਰ ਇੱਕ ਅਜਿਹਾ ਡਰ ਘਰ ਕਰ ਜਾਵੇਗਾ ਕਿ ਅਸੀਂ ਹਰ ਪਾਸਿਓਂ ਪਿੱਛਾ ਛੁਡਾਉਣ ਦਾ ਯਤਨ ਹੀ ਕਰਦੇ ਰਹਾਂਗੇ। ਕਾਮਯਾਬੀ ਦੀ ਆਸ ਨਾਲੋਂ ਨਾਕਾਮਯਾਬੀ ਦਾ ਡਰ ਵੱਧ ਹੋਵੇਗਾ। ਕਿਸੇ ਵੀ ਨਵੇਂ ਕੰਮ ਨੂੰ ਕਰਨ ਦਾ ਹੌਂਸਲਾ ਨਹੀਂ ਪਵੇਗਾ, ਲੋਕਾਂ ਵਿਚਕਾਰ ਜਾਣ ਤੋਂ ਡਰ ਲੱਗੇਗਾ ਅਤੇ ਇਕੱਲਤਾ ਵੀ ਖਾਣ ਨੂੰ ਆਵੇਗੀ।


ਇੱਕ ਵਾਰ ਜੇਕਰ ਕਿਤੇ ਹਾਰ ਦਾ ਮੂੰਹ ਵੇਖਣਾ ਪੈ ਜਾਵੇ ਤਾਂ ਕਈ ਵਿਅਕਤੀ ਮੈਦਾਨ ਛੱਡ ਜਾਂਦੇ ਹਨ। ਮੁੜ ਕੁੱਝ ਨਵਾਂ ਕਰਨ ਦਾ ਹੌਂਸਲਾ ਹੀ ਨਹੀਂ ਪੈਂਦਾ। ਇਹ ਮੰਨ ਲਿਆ ਜਾਂਦਾ ਹੈ ਕਿ ਮੇਰੇ ਵਿਚ ਸਮਰੱਥਾ ਦੀ ਘਾਟ ਹੈ। ਇਸ ਕਰਕੇ ਉੱਦਮ ਕਰਨ ਦਾ ਕੋਈਲਾਭ ਨਹੀਂ ਹੋਵੇਗਾ। ਢੇਰੀ ਢਾਹ ਕੇ ਬੈਠੇ ਵਿਅਕਤੀ ਖੜ੍ਹੇ ਪਾਣੀ ਵਾਂਗ ਹੋ ਜਾਂਦੇ ਹਨ। ਹਾਰ ਤੋਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਇਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਜੇਕਰ ਸਫ਼ਲਤਾ ਨਹੀਂ ਮਿਲੀ ਤਾਂ ਨਿਰਾਸ਼ ਹੋਣ ਦੀ ਥਾਂ ਅਸਫ਼ਲਤਾ ਲਈ ਜ਼ਿੰਮੇਵਾਰ ਕਾਰਨਾਂ ਦੀ ਘੋਖ ਕਰੋ। ਇਨ੍ਹਾਂ ਕਮੀਆਂ ਨੂੰ ਦੂਰ ਕਰੋ ਸਫ਼ਲਤਾ ਆਪਣੇ ਆਪ ਪ੍ਰਾਪਤ ਹੋ ਜਾਵੇਗੀ।

ਜੀਵਨ ਵਿਚ ਉੱਨਤੀ ਲਈ ਅੱਗੇ ਵਧਣਾ ਜ਼ਰੂਰੀ ਹੈ। ਜੇਕਰ ਹਾਰ ਦਾ ਡਰ ਮਨ ਵਿਚ ਬੈਠਾ ਹੋਵੇ ਤਾਂ ਮਨੁੱਖ ਕਦੇ ਵੀ ਅੱਗੇ ਵਧਣ ਦੀ ਹਿੰਮਤ ਨਹੀਂ ਕਰੇਗਾ। ਜੀਵਨ ਵਿਚ ਤਰੱਕੀ ਲਈ ਖਤਰੇ ਤਾਂ ਸਹੇੜਨੇ ਹੀ ਪੈਂਦੇ ਹਨ। ਸੋਚ ਸਮਝ ਕੇ ਕੀਤੇ ਯਤਨ ਆਮ ਤੌਰ 'ਤੇ ਸਫ਼ਲ ਹੀ ਹੁੰਦੇ ਹਨ। ਉੱਦਮ ਹੀ ਮਨੁੱਖੀ ਸ਼ਕਤੀ ਹੈ। ਆਲਸੀ ਕਦੇ ਆਪਣੀ ਮੰਜ਼ਿਲ ਉੱਤੇ ਨਹੀਂ ਪੁੱਜ ਸਕਦੇ।

ਜਿਹੜਾ ਕੰਮ ਕੱਲ੍ਹ ਉੱਤੇ ਛੱਡ ਦਿੱਤਾ ਜਾਵੇ, ਉਸ ਦੇ ਪੂਰਾ ਹੋਣ ਦੀ ਘੱਟ ਹੀ ਸੰਭਾਵਨਾ ਹੁੰਦੀ ਹੈ, ਕਿਉਂਕਿ ਕੱਲ੍ਹ ਤਾਂ ਕਦੇ ਆਉਂਦੀ ਹੀ ਨਹੀਂ। ਭਵਿੱਖ ਬਾਰੇ ਸੋਚੋ, ਅੱਜ ਦਾ ਅਨੰਦ ਮਾਣੋ ਅਤੇ ਜੀਵਲ ਦਾ ਕੋਈ ਟੀਚਾ ਮਿੱਥੋ। ਲਕਸ਼ ਤੋਂ ਬਿਨਾ ਜੀਵਨ ਪਤਵਾਰ ਰਹਿਤ ਬੇੜੀ ਵਾਂਗ ਹੈ ਜਿਸ ਦੀ ਗਤੀ ਅਤੇ ਰੁੱਖ ਲਹਿਰਾਂ ਉੱਤੇ ਨਿਰਭਰ ਕਰਦਾ ਹੈ। ਮਨੁੱਖ ਵਿਚੋਂ ਹਾਰ ਦੇ ਡਰ ਨੂੰ ਦੂਰ ਰੱਖਣ ਲਈ ਸੰਗਤ ਦਾ ਅਸਰ ਵੀ ਹੁੰਦਾ ਹੈ। ਜੇਕਰ ਸੰਗੀ-ਸਾਥੀ ਹਿੰਮਤੀ ਤੇ ਮਿਹਨਤੀ ਹੋਣਗੇ ਤਾਂ ਉਹ ਹਮੇਸ਼ਾਂ ਉੱਦਮ ਕਰਨ ਲਈ ਹੱਲਾਸ਼ੇਰੀ ਦਿੰਦੇ ਰਹਿਣਗੇ।

-ਲੁਧਿਆਣਾ

**ਡਾ. ਹਰਚਰਨ ਦਾਸ ਸੈਰ (ਸੈਣੀ)** ਜਿਨ੍ਹਾਂ ਨੇ ਰੂਪਨਗਰ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਦਾ ਅਹੁਦਾ ਸੰਭਾਲਿਆ ਹੈ।



ਕਹਾਣੀ

# ਦੇਖਦੀ ਅੱਖ

ਅੱਲਾ ਦੀ ਦਿੱਤੀ ਰਕਮ ਛੇਤੀ ਹੀ ਮੁੱਕ ਗਈ। ਮੁੱਲਾ ਨਸਰੂਦੀਨ ਨੇ ਕਿਤੇ ਨੌਕਰੀ ਕਰਨ ਦਾ ਸੋਚਿਆ। ਮੁੱਲਾ ਸ਼ਾਹ ਖਰਚ ਸੀ। ਕੰਜੂਸ ਨਹੀਂ ਸੀ। ਜਦੋਂ ਉਹਨੂੰ ਅੱਲਾ ਨੇ ਬਹੁਤ ਸਾਰਾ ਧਨ ਦਿੱਤਾ ਸੀ ਉਹਨੇ ਰੋਜ਼ ਹੀ ਅਮੀਰਾਂ ਨਾਲ ਰਲ ਕੇ ਵੱਡੀਆਂ ਦਾਅਵਤਾਂ ਰਚਾਈਆਂ। ਉਹਦੀ ਘਰਵਾਲੀ ਬਥੇਰਾ ਲੜਦੀ ਝਗੜਦੀ ਪਰ ਉਹ ਕਿੱਥੇ ਸੁਣਨ ਵਾਲਾ ਸੀ। ਪੈਸਾ ਤਾਂ ਖਤਮ ਹੋਣਾ ਹੀ ਸੀ ਉਹ ਵਿਚਾਰੀ ਰੋਜ਼ਾਨਾ ਪਕਵਾਨ ਬਣਾ ਬਣਾ ਕੇ ਵੀ ਅੱਕ-ਥੱਕ ਗਈ ਸੀ।

ਉਹ ਮੁੱਲਾ ਨੂੰ ਕਹਿਣ ਲੱਗੀ , ਪਹਿਲਾਂ ਸਾਰਾ ਪੈਸਾ ਤਾਂ ਰੁੜ੍ਹ ਪੁੜ੍ਹ ਗਿਆ ਹੁਣ ਤੂੰ ਅੱਲਾ ਕੋਲ ਜਾਹ ਅਤੇ ਛੇ ਮਹੀਨਿਆਂ ਦੀ ਬਚਦੀ ਤਨਖਾਹ ਮੰਗ ਕੇ ਲਿਆ । ਮੁੱਲਾ ਨਸਰੂਦੀਨ ਘਰੋਂ ਚਲਾ ਗਿਆ। ਉਹਨੂੰ ਪਤਾ ਲੱਗ ਗਿਆ ਸੀ ਕਿ ਪਿਛਲੀ ਵਾਰ ਤਾਂ ਕਿਸਮਤ ਚਮਕ ਪਈ ਸੀ ਹੁਣ ਉਹਨੂੰ ਜ਼ਰੂਰ ਕੋਈ ਨਾ ਕੋਈ ਕੰਮ ਕਰਨਾ ਚਾਹੀਦਾ ਹੈ। ਤਾਂ ਕਿ ਕੁਝ ਕਮਾ ਸਕੇ। ਫ਼ਸਲੀ ਬਟੇਰਿਆਂ ਵਰਗੇ ਦੋਸਤ ਖਾ ਪੀ ਕੇ ਚਲਦੇ ਬਣੇ। ਹੁਣ ਉਨ੍ਹਾਂ ਨੂੰ ਵੀ ਪਤਾ ਸੀ ਕਿ ਮੁੱਲਾ ਨੰਗ ਹੈ।

ਹੁਣ ਮੁੱਲਾ ਨਸਰੂਦੀਨ ਨੂੰ ਨੌਕਰੀ ਦੀ ਸਖ਼ਤ ਲੋੜ ਸੀ। ਇਕ ਧਨਾਢ ਸਾਲਾਊਦੀਨ ਨੂੰ ਇਕ ਚੰਗੇ ਤੇ ਖਾਸ ਲਿਆਕਤ ਵਾਲੇ ਨੌਕਰ ਦੀ ਸਖਤ ਜਰੂਰਤ ਸੀ। ਉਸ ਅਮੀਰ ਦੀ ਕਿਸੇ ਹਾਦਸੇ ਵਿਚ ਇਕ ਅੱਖ ਚਲੀ ਗਈ ਸੀ। ਉਹ ਕਾਣਾ ਨਹੀਂ ਸੀ ਅਖਵਾਉਣਾ ਚਾਹੁੰਦਾ ਸੋ ਉਹਨੇ ਇਕ ਮਿੱਤਰ ਦੇ ਆਖੇ ਲੱਗਕੇ ਸ਼ੀਸ਼ੇ ਦੀ ਬਨਾਊਟੀ ਅੱਖ ਪੁਆ ਲਈ ਸੀ। ਡਾਕਟਰ ਨੇ ਸਲਾਊਦੀਨ ਨੂੰ ਕਿਹਾ ਹੋਇਆ ਸੀ ਕਿ ਸੌਣ ਵੇਲੇ ਬਨਾਊਟੀ ਅੱਖ ਉਤਾਰ ਕੇ ਰੱਖਣੀ ਹੈ।

ਮੁੱਲਾ ਨਸਰੂਦੀਨ ਅਤੇ ਸਲਾਊਦੀਨ ਦਾ ਮੇਲ ਹੋਇਆ ਤਾਂ ਅਮੀਰ ਆਦਮੀ ਨੂੰ ਮੁੱਲਾ ਇਕ ਕਾਬਿਲ ਨੌਕਰ ਦੇ ਰੂਪ ਵਿਚ ਪ੍ਰਾਪਤ ਹੋਇਆ। ਇਕ ਇਹੋ ਜਿਹਾ ਨੌਕਰ ਜੋ ਥਾਂ ਥਾਂ ਘੁੰਮ ਚੁੱਕਾ ਹੋਵੇ। ਜੋ ਰੌਚਕ ਕਹਾਣੀਆਂ ਸੁਣ ਸਕਦਾ ਹੋਵੇ। ਕਿਉਂਕਿ ਅਮੀਰ ਨੂੰ ਕਹਾਣੀ ਸੁਨਣ ਤੋਂ ਬਗੈਰ ਨੀਂਦ ਨਹੀਂ ਆਉਂਦੀ ਸੀ ।

ਨੌਕਰੀ ਰਾਤ ਦੀ ਸੀ। ਅਮੀਰ ਨੂੰ ਸੁੱਤੇ ਸੁੱਤੇ ਨੂੰ ਸਾਰੀ ਰਾਤ ਮੁੱਲਾ ਨੇ ਪੱਖੀ ਝੱਲਣੀ ਸੀ। ਬੁਖ਼ਾਰਾ ਬਹੁਤ ਗਰਮ ਸ਼ਹਿਰ ਹੈ। ਪੁਰਾਣੇ ਸਮਿਆਂ ਵਿਚ ਪੱਖੇ, ਕੂਲਰ ਅਤੇ ਏ.ਸੀ ਕਿੱਥੇ ਹੁੰਦੇ ਸਨ?

ਮੁੱਲਾ ਨਸਰੂਦੀਨ ਵਰਗਾ ਨੌਕਰੀ ਦੀ ਸਖ਼ਤ ਜ਼ਰੂਰਤ ਵਾਲਾ ਨੌਕਰ ਹੀ ਅਜਿਹਾ ਕੰਮ ਕਰ ਸਕਦਾ ਸੀ।

ਅਮੀਰ ਨੇ ਕਾਫੀ ਸਾਰੀ ਤਨਖਾਹ ਦੇਣੀ ਸੀ ਸੋ ਮੁੱਲਾ ਇਸ ਨੌਕਰੀ ਲਈ ਮੰਨ ਗਿਆ। ਮੁੱਲਾ ਘਰ ਗਿਆ। ਉਸਨੇ ਆਪਣੀ ਪਤਨੀ ਨੂੰ ਦੱਸਿਆ ਕਿ ਉਹਨੂੰ ਰਾਤ ਦੀ ਨੌਕਰੀ ਮਿਲੀ ਹੈ।

ਪਤਨੀ ਬੋਲੀ ਕਿਉਂ ਅੱਲਾ ਤੇਰੀ ਤਨਖਾਹ ਦਾ ਬਕਾਇਆ ਦੇਣ ਲਈ ਨਹੀਂ ਮੰਨਿਆ?

ਹੂੰ ਅਊਂ ਮੁੱਲਾ ਗਲਾ ਸਾਫ਼ ਕਰਦਿਆਂ ਬੋਲਿਆ।

ਅੱਲਾ ਨੇ ਕਿਹਾ, ਕਿ ਉਹ ਨਵਾਂ ਸਵਰਗ ਆਬਾਦ ਕਰਨ ਵਿਚ ਰੁੱਝਿਆ ਹੋਇਆ। ਉਹ ਸਵਰਗ ਉਹ ਨੇ ਆਪਣੇ ਆਗਿਆਕਾਰ ਬੰਦਿਆਂ ਲਈ ਬਨਾਉਣਾ ਹੈ। ਅੱਲਾ ਨੇ ਮੈਨੂੰ ਕਿਹਾ ਕਿ ਉਂਨੀ ਦੇਰ ਲਈ ਮੈਂ ਅਮੀਰ ਆਦਮੀ ਕੋਲ ਰਾਤ ਦੀ ਨੌਕਰੀ ਹੀ ਕਰ ਲਵਾਂ। ਉਹ ਅਮੀਰ ਹੀ ਮੈਨੂੰ ਤਨਖ਼ਾਹ ਦੇਵੇਗਾ।

ਪਤਨੀ ਗਲਜ਼ਾਨ ਨੇ ਅੱਲਾ ਦਾ ਸ਼ੁਕਰ ਮਨਾਇਆ ਕਿ ਉਹ ਮੁੱਲਾ ਵਰਗਿਆਂ ਦਾ ਕਿੰਨਾ ਖਿਆਲ ਰੱਖਦਾ? ਨਸਰਊਦੀਨ ਨੇ ਆਪਣੀ ਰਾਤ ਦੀ ਡਿਊਟੀ ਸ਼ੁਰੂ ਕਰ ਲਈ।

ਅਮੀਰ ਆਦਮੀ ਬਿਸਤਰੇ ਤੇ ਲੇਟ ਗਿਆ। ਮੁੱਲਾ ਨੇ ਆਪਣੀ ਯਾਤਰਾ ਦੀਆਂ ਉਹਨੂੰ ਝੂਠੀਆਂ ਸੱਚੀਆਂ ਕਈ ਕਹਾਣੀਆਂ ਸੁਣਾਈਆਂ। ਸਲਾਊਦੀਨ ਨੂੰ ਊਂਘਾਂ ਆਉਣੀਆਂ ਸ਼ੁਰੂ ਹੋ ਗਈਆਂ ਤਾਂ ਉਹਨੇ ਸ਼ੀਸ਼ੇ ਦੀ ਅੱਖ ਕੱਢੀ ਮੇਜ਼ ਤੇ ਰੱਖੀ ਅਤੇ ਘੂਕ ਸੌਂ ਗਿਆ। ਮੁੱਲਾ ਉਸਨੂੰ ਸਾਰੀ ਰਾਤ ਪੱਖੀ ਝੱਲਦਾ ਰਿਹਾ। ਸਲਾਊਦੀਨ ਘੁਰਾੜੇ ਮਾਰਦਾ, ਸਵੇਰੇ ਤੱਕ ਗੂੜ੍ਹੀ ਨੀਂਦ ਸੁੱਤਾ ਰਿਹਾ।


'ਵਿਚਾਰਾ ਮੁੱਲਾ ਥੱਕ ਕੇ ਟੁੱਟ ਗਿਆ। ਨੀਂਦ ਨਾਲ ਬੰਦ ਹੁੰਦੀਆਂ ਪਲਕਾਂ ਨੂੰ ਜ਼ੋਰ ਨਾਲ ਖੋਲ੍ਹਦਾ ਉਹ ਲੱਤਾ ਘੜੀਸਦਾ ਘਰ ਪੁੱਜਿਆ। ਜਿਸ ਤਰ੍ਹਾਂ ਉਹ ਡਿਗਦਾ ਢਹਿੰਦਾ ਘਰ ਪੁਜਿਆ ਘਰ ਵਾਲੀ ਪਹਿਲਾ ਤਾਂ ਬਹੁਤ ਡਰ ਗਈ। ਫਿਰ ਉਹਨੇ ਉਹਨੂੰ ਰੋਟੀ ਖੁਆਈ, ਖਾਂਦਿਆਂ ਹੀ ਉਹ ਉਥੇ ਹੀ ਡਿਗ ਪਿਆ ਤੇ ਘੂਕ ਸੌਂ ਗਿਆ।

ਉਹਦੀ ਪਤਨੀ ਸੋਚਣ ਲੱਗੀ ਕਿ ਮੁੱਲਾ ਪਹਿਲੀ ਵਾਰ ਬਹੁਤ ਹੀ ਸਖ਼ਤ ਮਿਹਨਤ ਕਰਕੇ ਆਇਆ ਹੈ। ਤਾਂ ਹੀ ਐਨਾ ਜ਼ਿਆਦਾ ਥੱਕਿਆ ਹੋਇਆ। ਪਰ ਰੋਜ਼ ਹੀ ਇੰਦਾਂ ਹੋਣ ਲੱਗਾ। ਰੋਜ਼ ਸਵੇਰੇ ਮੁੱਲਾ ਆਉਂਦਾ ਤਾਂ ਉਹਦੀ ਇੰਨੀ ਤਰਸਯੋਗ ਹਾਲਤ ਹੁੰਦੀ । ਹੁਣ ਪਤਨੀ ਨੂੰ ਫ਼ਿਕਰ ਹੋ ਗਿਆ, ਪੁੱਛਣ ਲੱਗੀ।

ਤੈਨੂੰ ਰੋਜ਼ ਰਾਤ ਨੂੰ ਇਕ ਮਿੰਟ ਲਈ ਵੀ ਸਾਹ ਨਹੀਂ ਲੈਣਾ ਮਿਲਦਾ? ਮਾਲਕ ਨੂੰ ਕੋਸਦਿਆਂ ਬੋਲੀ ਜ਼ਿਆਦਾ ਹੀ ਸਖ਼ਤ ਹੈ ਤੇਰਾ ਮਾਲਕ।

ਮੁੱਲਾ ਨੇ ਦੱਸਿਆ ਉਹ ਤਾਂ ਰਾਤ ਨੂੰ ਸੌਂ ਜਾਂਦਾ ਮੈਨੂੰ ਸਾਰੀ ਰਾਤ ਪੱਖੀ ਝੱਲਣੀ ਪੈਂਦੀ ਹੈ। ਪਰ ਤੂੰ ਵਿਚ ਵਿਚਾਲੇ ਆਰਾਮ ਤਾਂ ਕਰ ਈ ਸਕਦਾਂ ਘੂਕ ਸੁੱਤਾ ਉਹ ਕਿਹੜਾ ਤੇਰੇ ਵੱਲ ਦੇਖਦਾ ਹੁੰਦਾ । ਘਰ ਵਾਲੀ ਨੇ ਫ਼ਿਕਰਮੰਦ ਹੁੰਦਿਆਂ ਮੁੱਲਾਂ ਨੂੰ ਸਲਾਹ ਦਿੱਤੀ। ਨਹੀਂ.... ਨਾਂ .... ਮੁੱਲਾਂ ਨੇ ਸਿਰ ਹਿਲਾਉਂਦਿਆਂ ਆਖਿਆ ਨਾਲੇ ਉਦਾਸ ਹੁੰਦਿਆਂ ਹਾਉਕਾ ਲਿਆ, ਭਾਗਵਾਨੇ ਉਹ ਅਮੀਰ ਸਲਾਊਦੀਨ ਬੜਾ ਬਾਕੀ

ਬਾਕੀ ਸਫਾ 32 ਤੇ...



# ਸੈਣੀ ਸਮਾਚਾਰ


ਪ੍ਰਿਤਪਾਲ ਸਿੰਘ

**ਵਿਸ਼ਾਲ ਸੈਣੀ ਸੰਮੇਲਨ–

ਪੰਜਾਬ ਵਿੱਚ ਸੈਣੀ ਭਾਈਚਾਰੇ ਨਾਲ ਹੋ ਰਹੇ ਵਿਤਕਰਿਆਂ ਪ੍ਰਤਿ ਰੋਸ ਪ੍ਰਗਟ ਕਰਨ ਅਤੇ ਆਪਣੀ ਇੱਕਮੁਠਤਾ ਦਾ ਪ੍ਰਗਟਾਵਾ ਕਰਨ ਲਈ ਸੈਣੀ ਵਿਕਾਸ ਮੰਚ ਦੇ ਝੰਡੇ ਹੇਠ ਇੱਕ ਵਿਸ਼ਾਲ ਸੈਣੀ ਸੰਮੇਲਨ 14 ਮਈ 2016 ਨੂੰ ਨਵਾਂਸ਼ਹਿਰ ਦੀ ਅਨਾਜ ਮੰਡੀ ਵਿੱਚ ਆਯੋਜਿਤ ਕੀਤਾ ਗਿਆ। ਇਸ ਵਿੱਚ ਚੰਡੀਗੜ੍ਹ, ਡੇਰਾਬਸੀ, ਪਟਿਆਲਾ, ਰਾਜਪੁਰਾ, ਸੰਗਰੂਰ, ਟਾਂਡਾ, ਦਸੂਹਾ, ਹੁਸ਼ਿਆਰਪੁਰ, ਜਲੰਧਰ, ਗੁਰਦਾਸਪੁਰ, ਪਠਾਨਕੋਟ, ਫਗਵਾੜਾ, ਗੜ੍ਹਸ਼ੰਕਰ, ਬਲਾਚੌਰ, ਨੰਗਲ, ਰੋਪੜ, ਫਤਿਹਗੜ੍ਹ ਸਾਹਿਬ ਤੇ ਨਵਾਂਸ਼ਹਿਰ ਇਲਾਕਿਆਂ ਦੇ ਪੰਜ ਹਜ਼ਾਰ ਤੋਂ ਵੱਧ ਬਰਾਦਰੀ ਦੇ ਲੋਕ ਸ਼ਾਮਿਲ ਹੋਏ। ਇਸ ਇਕੱਠ ਨੂੰ ਬਰਾਦਰੀ ਦੇ ਪ੍ਰਮੁੱਖ ਨੇਤਾਵਾਂ–ਸ਼੍ਰੀ ਰਾਜ ਕੁਮਾਰ ਸੈਣੀ(ਐਮ.ਪੀ.ਕੁਰੂਕਸ਼ੇਤਰ),ਸ਼੍ਰੀ ਚਰਨਜੀਤ ਚੰਨੀ(ਸਾਬਕਾ ਐਮ.ਪੀ.),ਸ਼੍ਰੀ ਤਰਸੇਮ ਸੈਣੀ(ਪ੍ਰਧਾਨ ਆਲ ਇੰਡੀਆ ਸ਼ੈਲਰਜ਼ ਐਸੋ.)ਤੋਂ ਇਲਾਵਾ ਸ.ਹਰਭਾਗ ਸਿੰਘ ਦੇਸੂਮਾਜਰਾ, ਸ਼੍ਰੀ ਜਸਰਾਜ ਜੱਸੀ, ਡਾ.ਅਜਮੇਰ ਸਿੰਘ (ਪ੍ਰਧਾਨ ਸੈਣੀ ਭਵਨ ਰੋਪੜ), ਸ.ਹਰਦੀਪ ਸਿੰਘ (ਡਿਪਟੀ ਮੇਅਰ ਚੰਡੀਗੜ੍ਹ), ਐਡਵੋਕੇਟ ਫਤਿਹ ਸਿੰਘ(ਹਰਿਆਣਾ)ਤੇ ਸ.ਸੁਰਜੀਤ ਸਿੰਘ ਸਹੋਤਾ ਨੇ ਵੀ ਸੰਬੋਧਿਤ ਕੀਤਾ। ਸਾਰੇ ਵਕਤਿਆਂ ਨੇ ਇੱਕ ਆਵਾਜ਼ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸੈਣੀ ਬਰਾਦਰੀ ਦੇ ਗਰੀਬ ਲੋਕਾਂ ਨੂੰ ਉੱਚ–ਸਿੱਖਿਆ ਅਦਾਰਿਆਂ ਵਿੱਚ ਦਾਖਲੇ ਲੈਣ ਅਤੇ ਨੌਕਰੀਆਂ ਲੈਣ ਸਮੇਂ ਪਿਛੜੀਆਂ ਸ਼੍ਰੇਣੀਆਂ ਵਾਲਾ ਰਿਜ਼ਰਵੇਸ਼ਨ ਦਾ ਲਾਭ ਦਿੱਤਾ ਜਾਵੇ। ਇਸ ਸਬੰਧੀ ਪਹਿਲਾਂ ਜਾਰੀ ਹੋਏ ਪੱਤਰ ਦੇ ਅਮਲ 'ਤੇ ਲਗਾਈ ਰੋਕ ਨੂੰ ਹਟਾਉਂਣ ਦੀ ਪੁਰਜ਼ੋਰ ਮੰਗ ਕੀਤੀ ਗਈ। ਇਸ ਤੋਂ ਇਲਾਵਾ ਰਾਜਨੀਤਿਕ ਪਾਰਟੀਆਂ ਨੂੰ ਵੀ ਅਲਟੀਮੇਟਮ ਦੇ ਰੂਪ ਵਿੱਚ ਅਪੀਲ ਕੀਤੀ ਗਈ ਕਿ ਜਿਨ੍ਹਾਂ ਇਲਾਕਿਆਂ ਵਿੱਚ ਸੈਣੀ ਬਰਾਦਰੀ ਦੀ ਬਹੁਗਿਣਤੀ ਹੈ ਉੱਥੇ ਪਾਰਲੀਮੈਂਟ ਅਤੇ ਅਸੈਂਬਲੀ ਚੋਣਾਂ ਸਮੇਂ ਸੈਣੀ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਜਾਣ। ਪੰਜਾਬ ਵਿੱਚ ਸੈਣੀ ਆਬਾਦੀ ਦੇ ਹਿਸਾਬ ਨਾਲ 12 ਐੱਮ.ਐੱਲ.ਏ.ਬਣਨੇ ਚਾਹੀਦੇ ਹਨ। ਬਰਾਦਰੀ ਦੇ ਸਾਰੇ ਵੱਡੇ ਛੋਟੇ ਲੀਡਰਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਆਪਣੀ ਪਾਰਟੀ ਨਾਲੋਂ ਭਾਈਚਾਰੇ ਦੇ ਹਿਤਾਂ ਨੂੰ ਪਹਿਲ ਦੇਣ ਤਾਂ ਹੀ ਏਕਤਾ ਕਾਇਮ ਕੀਤੀ ਜਾ ਸਕਦੀ ਹੈ ਅਤੇ ਸਿਆਸਤ'ਤੇ ਭਾਰੂ ਜਾਤਾਂ ਤੋਂ ਆਪਣੇ ਬਣਦੇ ਜਾਇਜ਼ ਹੱਕ ਲਏ ਜਾ ਸਕਦੇ ਹਨ।

ਇਸ ਸਮੇਂ ਬਰਾਦਰੀ ਦੇ ਪ੍ਰਸਿੱਧ ਗਾਇਕ ਗੁਰਕ੍ਰਿਪਾਲ ਸੂਰਾਂਪੁਰੀ ਤੇ ਕੁਲਬੀਰ ਸਿੰਘ ਸੈਣੀ ਨੇ ਆਪਣੇ ਜੋਸ਼ੀਲੇ ਗਾਣਿਆਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਖੁੱਲ੍ਹੇ ਚਾਹ ਅਤੇ ਗੁਰੂ ਕੇ ਲੰਗਰ ਦਾ ਇੰਤਜ਼ਾਮ ਕੀਤਾ ਗਿਆ ਸੀ। ਸੈਣੀ ਭਵਨ ਰੋਪੜ ਦੇ ਪ੍ਰਬੰਧਕਾਂ ਨੇ ਇਸ ਸੰਮੇਲਨ ਨੂੰ ਕਾਮਯਾਬ ਕਰਨ ਲਈ ਆਪਣਾ ਪੂਰਾ ਯੋਗਦਾਨ ਪਾਇਆ ਹੈ। ਇਸ ਲੜੀ ਵਿੱਚ ਅੱਗੇ ਹੋਰ ਪ੍ਰਮੁੱਖ ਸ਼ਹਿਰਾਂ ਵਿੱਚ ਵੀ ਅਜਿਹੇ ਹੀ ਇਕੱਠ ਕਰਨ ਦਾ ਪ੍ਰੋਗ੍ਰਾਮ ਹੈ।

**ਸ਼੍ਰੀ ਚਰਨਜੀਤ ਚੰਨੀ, ਸਾਬਕਾ ਐੱਮ.ਪੀ.ਦਾ ਕਾਂਗਰਸ ਪਾਰਟੀ ਤੋਂ ਅਸਤੀਫਾ : ਕਾਂਗਰਸ ਪਾਰਟੀ ਵਲੋਂ ਪਛੜੀਆਂ ਸ਼੍ਰੇਣੀਆਂ ਦੇ ਹਿਤਾਂ ਨੂੰ ਅਣਗੌਲੇ ਕਰਨ ਅਤੇ ਇਸ ਵਿੱਚ ਜੱਟ ਬਰਾਦਰੀ ਦਾ ਬੋਲਬਾਲਾ ਵਧਣ ਦੇ ਰੋਸ ਵਜੋਂ ਸ਼੍ਰੀ ਚੰਨੀ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਅਜੇ ਕੁੱਝ ਦਿਨ ਪਹਿਲਾਂ, 14 ਮਈ ਨੂੰ ਸ਼੍ਰੀ ਚੰਨੀ ਦੀ ਅਗਵਾਈ ਹੇਠ ਸੈਣੀ ਭਾਈਚਾਰੇ ਦੇ ਲੋਕਾਂ ਨੇ



ਨਵਾਂਸ਼ਹਿਰ ਵਿੱਚ ਇੱਕ ਪ੍ਰਭਾਵਸ਼ਾਲੀ ਇਕੱਠ ਕਰਕੇ ਆਪਣੇ ਨਾਲ ਹੁੰਦੇ ਵਿਤਕਰਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। ਅਜੇ ਤੱਕ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਸੈਣੀ ਬਰਾਦਰੀ ਦੀਆਂ ਦੋ ਜਾਇਜ਼ ਮੁੱਖ ਮੰਗਾਂ–ਇੱਕ,ਪੱਛੜੀਆਂ ਸ਼੍ਰੇਣੀਆਂ ਦਾ ਲਾਭ ਅਤੇ ਦੂਜੀ,ਵੱਧ ਰਾਜਨੀਤਿਕ ਪ੍ਰਤਿਨਿਧਤਾ ਸਬੰਧੀ ਕੋਈ ਹੁੰਘਾਰਾ ਨਹੀਂ ਭਰਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਤਾਂ ਆਪਣੀ ਬਰਾਦਰੀ ਦਾ ਪੱਖ ਪੂਰਦਿਆਂ ਜੱਟਾਂ ਲਈ ਰਿਜ਼ਰਵੇਸ਼ਨ ਦੀ ਮੰਗ ਨੂੰ ਕਾਂਗਰਸ ਦੇ ਚੋਣ ਮੈਨੀਫੈਸਟੋ ਵਿੱਚ ਲਿਆਉਣ ਦੀ ਗੱਲ ਕਹਿ ਦਿੱਤੀ ਹੈ। ਸ.ਅਮਰਿੰਦਰ ਸਿੰਘ ਨੇ ਸੈਣੀ ਬਰਾਦਰੀ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੀ ਕੋਈ ਗੱਲ ਨਹੀਂ ਕੀਤੀ। ਅਕਾਲੀ ਸਰਕਾਰ ਨੇ ਵੀ ਸੈਣੀ ਵਿਕਾਸ ਬੋਰਡ ਬਣਾਉਣ ਦਾ ਫੈਸਲਾ ਲੈ ਕੇ ਇੱਕ ਤਰ੍ਹਾਂ ਨਾਲ ਸੈਣੀ ਭਾਈਚਾਰੇ ਦੀਆਂ ਹੱਕੀ ਮੰਗਾਂ ਨੂੰ ਲਮਕਾ ਦਿੱਤਾ ਹੈ। ਇਸ ਲਈ ਸ਼੍ਰੀ ਚੰਨੀ ਵਲੋਂ ਸੈਣੀ ਬਰਾਦਰੀ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਆਪਣੀ ਪਾਰਟੀ ਤੋਂ ਅਸਤੀਫਾ ਦੇਣਾ ਇੱਕ ਠੀਕ ਕਦਮ ਹੈ। ਉਨ੍ਹਾਂ ਨੇ ਅਜਿਹਾ ਕਰਕੇ ਸਾਹਸ, ਜੁਅਰਤ ਤੇ ਸਵੈਮਾਣ ਦੀ ਮਿਸਾਲ ਕਾਇਮ ਕਰ ਦਿੱਤੀ।

❊ ❊ ❊ ❊ ❊

.....ਸਫਾ 31 ਦੀ ਬਾਕੀ

ਕਾਰੀਗਰ ਐ, ਸੌਣ ਲੱਗੇ ਉਹ ਇਕ ਅੱਖ ਕੱਢ ਕੇ ਮੇਜ਼ ਉੱਤੇ ਰੱਖ ਲੈਂਦਾ , ਤੇ ਸਾਰੀ ਰਾਤ ਉਹ ਅੱਖ ਮੈਨੂੰ ਦੇਖਦੀ ਰਹਿੰਦੀ ਐ, ਮੈਂ ਦਮ ਲੈਣ ਦੀ ਗਲਤੀ ਕਿੱਦਾਂ ਕਰ ਸਕਦਾ?

–ਅਨੁਵਾਦਕ ਡਾ.ਜਸਵੰਤ ਕੌਰ ਸੈਣੀ

ਤੰਦਰੁਸਤੀ ਲਈ ਯੋਗ ਸਿੱਖਿਆ

# ਯੋਗ ਆਸਣ ਕਿਵੇਂ ਕਰੀਏ ?



ਰਾਜਿੰਦਰ ਸੈਣੀ
ਰੋਪੜ

ਪਿੱਛਲੇ ਅੰਕ ਵਿੱਚ ਯੋਗ ਆਸਣਾਂ ਵਿੱਚ ਧਿਆਨ ਕੇਂਦਰ-ਬਿੰਦੂ ਅਤੇ ਖੜ੍ਹੇ ਹੋ ਕੇ ਕਰਨ ਵਾਲੇ_ਆਸਣਾਂ ਦੀ ਜਾਣਕਾਰੀ ਦਿੱਤੀ ਗਈ ਸੀ। ਹੱਥਲੇ ਅੰਕ 'ਚ  ਯੋਗ ਦੀਆਂ ਕਿਰਿਆਵਾਂ ਤਾੜ ਆਸਣ, ਨਾਵ ਆਸਣ ਤੋਂ ਇਲਾਵਾ ਬੈਠ ਕੇ ਕੀਤੇ ਜਾਣ ਵਾਲੇ ਕੁਝ ਆਸਣਾਂ ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ।

**ਤਾੜ ਆਸਣ:-** ਤਾੜ ਦਰਖਤ ਦੀ ਤਰਾਂ ਸਰੀਰ ਦੀ ਸਿੱਧੀ ਸਥਿੱਤੀ ਹੋਣ ਕਾਰਨ ਇਸਦਾ ਨਾਮ ਤਾੜ ਆਸਣ ਹੈ। ਬੈਠਣ ਤੇ ਖੜ੍ਹੇ ਹੋ ਕੇ ਆਂਸਣ ਕਰਨ ਲਈ ਇਹ ਇੱਕ ਕੜੀ ਦਛ ਕੰਮ ਕਰਦਾ ਹੈ।ਊਂਝ ਤਾਂ ਸਾਰੀਆਂ ਲਈ ਪਰ ਬੱਚਿਆਂ ਤੇ ਮਹਿਲਾਵਾਂ ਲਈ ਇਹ ਵਿਸ਼ੇਸ਼ ਤੌਰ ਤੇ ਹਿੱਤਕਾਰੀ ਹੈ। ਸ਼ਰੀਰ ਦੀਆਂ 206 ਹੱਡੀਆਂ ਦੇ ਖਿਚਾਅ ਵਿੱਚ ਆਓਣ ਨਾਲ ਕਤਦ ਵੱਧਣ ਵਿਚ ਸਹਾਇਤਾ ਮਿਲਦੀ ਹੈ।ਜੋੜਾਂ ਦੇ ਦਰਦ ਅਤੇ ਪਿੰਜਣੀਆਂ ਦੀਆਂ ਮਾਸਪੇਸ਼ੀਆਂ ਦੇ ਦਰਦ ਦੂਰ ਹੁੰਦੇ ਹਨ ਤੇ ਮਾਸਪੇਸ਼ੀਆਂ ਮਜ਼ਬੂਤ ਬਣਦੀਆਂ ਹਨ। ਸਰੀਰ ਦੀ ਸੁਸਤੀ ਦੂਰ ਹੁੰਦੀ ਹੈ ਤੇ ਬੁਢਾਪੇ ਵਿੱਚ ਹੱਥ ਪੈਰ ਕੰਬਦੇ ਨਹੀਂ।



ਵਿਧੀ-ਆਸਣ ਉੱਤੇ ਪਿੱਟ ਦੇ ਵਲ ਲੇਟ ਜਾਓ, ਦੋਵੇਂ ਅੱਡੀਆਂ-ਪੰਜਿਆਂ ਨੂੰ ਮਿਲਾ ਲਓ, ਪੰਜੇ ਤਾਣੋ. ਦੋਵੇਂ ਹੱਥਾਂ ਨੂੰ ਸਾਹ ਭਰਦੇ ਹੋਏ ਸਿਰ ਵਲ ਲਿਜਾ ਕੇ ਤਾਣੋ, ਕੂਹਣੀ ਤੋਂ ਹਥੇਲੀ ਤੱਕ ਦਾ ਭਾਗ ਧਰਤੀ ਉੱਤੇ ਲਗਾਓ, ਅੱਗੇ ਤੋਂ ਪੈਰ ਪਿੱਛੇ ਤੋਂ ਹੱਥ ਉਲੱਟ ਦਿਸ਼ਾ ਵੱਲ ਖਿੱਚੋ। ਕੁੱਝ ਦੇਰ ਲਈ ਸਾਹ ਰੋਕੋ. ਇਸਤੋਂ ਬਾਅਦ ਸਾਹ ਨੂੰ ਛੱਡਦੇ ਹੋਏ ਸਰੀਰ ਨੂੰ ਢਿੱਲਾ ਛੱਡ ਦਿਓ। ਧਿਆਨ- ਸੰਪੂਰਨ ਸਰੀਰ ਉੱਤੇ।ਆਸਣ ਵਿੱਚ ਧਿਆਨਯੋਗ ਗੱਲ ਇਹ ਹੈ ਕਿ ਸਾਹ ਭਰਕੇ ਹੀ ਸਾਰੇ ਸਰੀਰ ਨੂੰ ਖਿੱਚੋ। ਇਸ ਕਿਰਿਆ ਨੂੰ ਦੋ ਤਿੰਨ ਵਾਰ ਕਰ ਸਕਦੇ ਹਾਂ। ਪਰੰਤੂ ਇੱਕ ਸਥਿਤੀ ਤੋਂ ਬਾਅਦ ਦੂਜੀ ਸਥਿਤੀ ਵਿੱਚਕਾਰ ਵਿਸ਼ਰਾਮ ਜ਼ਰੂਰ ਹੋਣਾ ਚਾਹੀਦਾ ਹੈ।

**ਨਾਵ ਆਸਣ:-** ਇਸ ਆਸਣ ਦੀ ਪ੍ਰੇਰਣਾ ਨਾਵ ਭਾਵ ਬੇੜੀ ਤੋਂ ਲਈ ਗਈ ਹੈ। ਬੈਠਣ ਵਾਲੇ ਆਸਣ ਦਾ ਅਭਿਆਸ ਆਸਾਨੀ ਨਾਲ ਹੋ ਜਾਵੇ, ਇਸ ਲਈ ਨਵੇਂ ਸਾਧਕਾਂ ਦੀ ਰੀੜ ਨੂੰ ਲਚਕੀਲਾ ਬਣਾਓਣਾ ਜ਼ਰੂਰੀ ਹੈ। ਇਸ ਨਾਲ ਕਮਰ ਦਾ ਹੇਠਲਾ ਭਾਗ, ਮੋਢਿਆਂ ਦੇ ਜੋੜ ਅਤੇ ਹੱਥਾਂ-ਪੈਰਾਂ ਦੀਆਂ ਮਾਸਪੇਸ਼ੀਆਂ ਪ੍ਰਭਾਵਿਤ ਹੁੰਦੀਆਂ ਹਨ। ਆਲਸ ਦੂਰ ਭੱਜਦਾ ਹੈ ਅਤੇ ਜੋੜ ਖੁਲ੍ਹਦੇ ਹਨ।

ਵਿਧੀ-ਆਸਣ ਉੱਤੇ ਪਿੱਠ ਭਾਰ ਲੇਟ ਜਾਓ। ਅੱਡੀ-ਪੰਜੇ ਮਿਲਾਓ, ਪੰਜੇ ਤਾਣੋ।ਦੋਵੇਂ ਹੱਥਾਂ ਨੂੰ ਸਿਰ ਵੱਲ ਤਾਣੋ। ਹੱਥਾਂ ਦੀ ਚੌੜਾਈ ਮੋਢਿਆਂ ਜਿੰਨੀ ਰਹੇ, ਕੂਹਣੀ ਤੋਂ ਹਥੇਲੀ ਤੱਕ ਦਾ ਸਾਰਾ ਭਾਗ ਧਰਤੀ ਉੱਤੇ ਲਗਾਓ। ਸਾਹ ਭਰਦੇ ਹੋਏ ਪੈਰਾਂ ਨੂੰ ਬਿਨਾਂ ਗੋਢੇ ਮੋੜਿਆਂ ਸਿਰ ਵੱਲ ਲੈ ਕੇ ਜਾਓ ਜਿਸ ਨਾਲ ਪੰਜੇ ਧਰਤੀ ਨਾਲ ਲੱਗ ਜਾਣ।ਸਾਹ ਛੱਡਦੇ ਹੋਏ ਪੈਰਾਂ ਨੂੰ ਹੌਲੀ ਹੌਲੀ ਵਾਪਸ ਲਿਆਓ। ਬਾਂਹਵਾਂ, ਕੰਨਾਂ ਦੇ ਨਾਲ ਰੱਖਦੇ ਹੋਏ ਓਨਾਂ ਹੀ ਝੁੱਕੋ ਕਿ ਗੋਡੇ ਅੱਲੱਗ ਨਾ ਹੋਣ ਅਤੇ ਮੁੜਨ ਵੀ ਨਾ।ਪੰਜੇ ਮਿਲੇ ਰਹਿਣ ਅਤੇ ਤਣੇ ਰਹਿਣ। ਇਹੋ ਜਿਹਾ ਅਭਿਆਸ ਹੋਵੇ ਕਿ ਕਲਾਈਆਂ ਨੂੰ ਪੰਜਿਆਂ ਤੋਂ ਅੱਗੇ ਕੱਢੋ, ਮੱਥੇ ਨੂੰ ਗੋਡਿਆਂ ਨਾਲ ਲੱਗਾਓ।ਸਮਾਨ ਗਤੀ ਨਾਲ ਕਮਰ ਦੇ ਵੱਲ ਡੋਲੋ। ਇਸ ਕਿਰਿਆ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਅਰੰਭ ਤੋਂ ਲੈ ਕੇ ਅੰਤ ਤੱਕ ਗੋਡੇ ਨਾ ਮੁੜਨ। ਅੱਡੀਆਂ ਅਤੇ ਪੰਜੇ ਇਕ ਸਾਰ ਮਿਲੇ ਰਹਿਣ। ਪੰਜੇ ਅੱਗੇ ਵੱਲ ਤਣੇ ਰਹਿਣ। ਦੋਵੇਂ  ਹੱਥ ਵੀ ਖਿਚੇ ਰਹਿਣ। ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਢਿੱਲਾਪਣ ਨਾ ਹੋਵੇ। ਅਡਿਆਂ ਜਮੀਨ ਉੱਤੇ ਨਾ ਪਟਕੋ। ਸਾਰੀ ਕਿਰਿਆ ਵਿੱਚ ਝੱਟਕੇ ਨਾ ਲੱਗਣ, ਸਮਾਨ ਗਤੀ ਵਿੱਚ ਪਿੱਠ ਦੇ ਵੱਲ ਡੋਲੋ।

**ਵਿਸ਼ਰਾਮ ਆਸਣ :** ਪੈਰਾਂ ਨੂੰ ਫੈਲਾ ਕੇ ਵਿਸ਼ਰਾਮ ਕਰਨ ਦੇ ਆਸਣਾਂ ਵਿੱਚ ਇਹ ਇੱਕ ਮਹੱਤਪੂਰਨ ਆਸਣ ਹੈ। ਵਿਸ਼ਰਾਮ ਇਸ ਲਈ ਜ਼ਰੂਰੀ ਹੈ ਕਿ ਸਾਡੀ ਕੰਮ ਕਰਨ ਦੀ ਸ਼ਕਤੀ ਬਣੀ ਰਹੇ। ਇਸ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਤੇ ਸਾਹ ਵੀ ਸੰਤੁਲਨ ਵਿੱਚ ਰਹਿੰਦਾ ਹੈ। ਆਸਣਾਂ ਦੇ ਦੌਰਾਨ ਪ੍ਰਭਾਵਿਤ ਅੰਗਾਂ ਵਿੱਚ ਖੂਨ ਦਾ ਸੰਚਾਰ ਹੋਣ ਨਾਲ ਇਹ ਮਜ਼ਬੂਤ ਹੁੰਦੇ ਹਨ।

ਵਿਧੀ- ਦੋਵੇਂ ਲੱਤਾਂ ਨੂੰ ਫੈਲਾਓ। ਅੱਡੀਆਂ ਵਿੱਚ ਲੋੜੀਦੀ ਦੂਰੀ, ਸਰੀਰ ਢਿੱਲਾ, ਦੋਵੈ ਹੱਥ ਕਮਰ ਦੇ ਪਿੱਛੇ। ਕਮਰ ਤੇ ਗਰਦਨ ਸੁਭਾਵਿਕ ਢੰਗ ਨਾਲ ਸਿੱਧੀਆਂ ਰਹਿਣ। ਧਿਆਨ-ਪ੍ਰਭਾਵਿਤ ਅੰਗਾਂ ਦਾ ਨਿਰੀਖਣ।

**ਕਮਰਚੱਕਰ ਆਸਣ:-** ਕਮਰ ਦਾ ਹੇਠਲਾ ਭਾਗ ਲਚਕੀਲਾ ਬਣਦਾ ਹੈ। ਧੜ੍ਹ ਨੂੰ ਖੱਬੇ ਤੇ ਸੱਜੇ ਘੁਮਾਕੇ ਮੱਥੇ ਨੂੰ ਗੋਡੇ ਉੱਪਰ ਲੱਗਾਉਣ ਨਾਲ ਪੇਟ ਦੀਆਂ ਮਾਸ ਪੇਸ਼ੀਆਂ, ਜਿਗਰ, ਤਿੱਲੀ ਆਦਿ ਪ੍ਰਭਾਵ ਵਿੱਚ ਆ ਜਾਂਦੀਆਂ ਹਨ। ਸ਼ਾਇਟਕਾ ਨਾੜੀ ਸੁਭਾਵਿਕ ਸਥਿੱਤੀ ਵਿੱਚ ਆਓਂਦੀ ਹੈ।

ਵਿਧੀ- ਆਪਣੇ ਆਸਣ ਉੱਤੇ ਬੈਠੋ। ਦੋਵੇਂ ਪੈਰਾਂ ਨੂੰ ਸੁਵਿਧਾ ਅਨੁਸਾਰ ਸੱਜੇ ਖੱਬੇ ਫੈਲਾਓ। ਸੱਜੇ ਹੱਥ ਨੂੰ ਸੱਜੇ ਪੈਰ ਦੇ ਅੰਗੂਠੇ ਅਤੇ ਖੱਬੇ ਹੱਥ ਨੂੰ ਖੱਬੇ ਪੈਰ ਦੇ ਅੰਗੂਠੇ ਦੇ ਕੋਲ ਲੈ ਕੇ ਜਾਓ। ਪਹਿਲਾ ਸਾਹ ਭਰ ਲਓ। ਸਾਹ ਛੱਡਦੇ ਹੋਏ ਧੜ ਨੂੰ ਖੱਬੇ ਪਾਸੇ ਘਮਾਓ। ਸੱਜੇ ਹੱਥ ਨੂੰ ਖੱਬੇ ਪੈਰ ਦੇ ਅੰਗੂਠੇ ਨਾਲੋਂ

ਅੱਗੇ ਲਿਆਓ। ਮੱਥਾ ਖੱਬੇ ਗੋਡੇ ਲੱਗਾਓ। ਖੱਬਾ ਹੱਥ ਕਮਰ ਦੇ ਪਿੱਛੇ ਰੱਖੋ। ਸਾਹ ਭਰਦੇ ਹੋਏ ਵਾਪਿਸ ਆਓ। ਫਿਰ ਸਾਹ ਛੱਡਦੇ ਹੋਏ ਖੱਬੇ ਹੱਥ ਨੂੰ ਸੱਜੇ ਪੈਰ ਦੇ ਅੰਗੂਠੇ ਤੋਂ ਅੱਗੇ ਲੈ ਆਓ ਅਤੇ ਮੱਥਾ ਸੱਜੇ ਪੈਰ ਦੇ ਗੋਡੇ ਉੱਤੇ ਲੱਗਾਓ। ਸੱਜਾ ਹੱਥ ਕਰਮ ਦੇ ਪਿੱਛੇ ਰੱਖੋ। ਸਾਰੀ ਕਿਰਿਆ ਵਿੱਚ ਗੋਡੇ ਨਾ ਮੁੜਣ ਅਤੇ ਪੰਜੇ ਤਣੇ ਰਹਿਣ। ਧਿਆਨ ਦਾ ਕੇਂਦਰ ਸਵਾਧਿਸ਼ਠਾਨ ਚੱਕਰ।

**ਆਕਰਣ ਧਨੁਰ ਆਸਣ:-** ਧਨੁਰ ਆਸਣ ਠੀਕ ਧਨੁਸ਼ ਖਿੱਚ ਕੇ ਬਾਨ ਛੱਡਣ ਦੀ ਕਿਰਿਆ ਵਾਂਗ ਹੈ। ਇਹ ਆਸਣ ਦੇਰ ਤੱਕ ਬੈਠਕੇ ਟੇਬਲ ਵਰਕ ਕਰਨ ਵਾਲਿਆਂ ਲਈ ਵਿਸ਼ੇਸ਼ ਤੌਰ ਤੇ ਲਾਭਕਾਰੀ ਸਿੱਧ ਹੋਇਆ ਹੈ। ਇਸ ਆਸਣ ਦੇ ਨਿਰੰਤਰ ਅਭਿਆਸ ਨਾਲ ਗੋਡਿਆਂ ਦੇ ਜੋੜ, ਪਿੰਜਣੀਆਂ, ਜੰਘਾਂ, ਨਿਤੰਭ, ਬਾਹਵਾਂ, ਮੋਢੇ, ਛਾਤੀ, ਪਿੱਠ ਆਦਿ ਲਚਕੀਲੇ, ਸੁੰਦਰ ਤੇ ਮਜ਼ਬੂਤ ਬਣਦੇ ਹਨ। ਜ਼ਿਆਦਾ ਲਿਖਣ ਵਾਲਿਆਂ ਦੇ ਹੱਥਾਂ ਦੀ ਨਸਾਂ ਕਮਜ਼ੋਰ ਹੋਕੇ ਸੱਕਦੀਆਂ ਨਹੀਂ। ਬਹੁਤ ਦੇਰ ਤੱਕ ਬੈਠਣ ਵਾਲਿਆਂ ਦੇ ਪੈਰਾਂ ਦੀਆਂ ਨਸਾਂ ਸਕਿਰਿਆ ਹੋ ਜਾਂਦੀਆਂ ਹਨ। ਗਠੀਆ ਅਤੇ ਲੱਕਵੇ ਦੀ ਸ਼ਿਕਾਇਤ ਦੂਰ ਹੁੰਦੀ ਹੈ, ਜਿਗਰ ਤੇ ਵੱਡੀ ਅੰਤੜੀ ਦੇ ਰੋਗ ਦੂਰ ਹੁੰਦੇ ਹਨ।

ਵਿਧੀ-ਆਸਣ ਉੱਪਰ ਦੋਵੇਂ ਪੈਰਾਂ ਨੂੰ ਫੈਲਾਕੇ ਬੈਠੋ। ਅੱਡੀਆਂ ਪੰਜੇ ਮਿਲਾਓ, ਪੰਜੇ ਤਾਣੋ। ਖੱਬੇ ਪੈਰ ਨੂੰ ਸੱਜੇ ਪੈਰ ਦੇ ਗੋਡੇ ਉੱਪਰ ਰੱਖੋ। ਸੱਜੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਛੱਲਾ ਬਣਾਉਂਦੇ ਹੋਏ ਫੜੋ। ਖੱਬੇ ਅੰਗੂਠੇ ਨੂੰ ਹੌਲੀ-ਹੌਲੀ ਸਾਹ ਭਰਦੇ ਹੋਏ ਸੱਜੇ ਕੰਨ ਕੋਲ ਲਿਆਓ। ਸਾਹ ਬਾਹਰ ਕੱਢਦੇ ਹੋਏ ਵਾਪਸ ਆਓ। ਇਹੀ ਕਿਰਿਆ ਦੂਜੇ ਪੈਰ ਨਾਲ ਵੀ ਕਰੋ ਧਿਆਨ ਦਾ ਕੇਂਦਰ-ਮੂਲਾਧਾਰ ਚੱਕਰ। ਇਸ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਪੈਰ ਦਾ ਅੰਗੂਠਾ ਕੰਨ ਕੋਲ ਲਿਆਉਣਾ ਹੈ ਨਾ ਕਿ ਕੰਨ ਨੂੰ ਅੰਗੂਠੇ ਕੋਲ। ਫੈਲੇ ਹੋਏ ਪੈਰ ਦਾ ਗੋਡਾ ਨਹੀਂ ਮੁੜੇਗਾ। ਆਸਣ ਕਰਦੇ ਸਮੇਂ ਕਮਰ ਤੇ ਗਰਦਨ ਸਿੱਧੀ ਰਹੇ।

**ਜਾਨੂਸ਼ਿਰ ਆਸਣ:-** ਜਾਨੂ (ਗੋਡੇ) ਉੱਤੇ ਸਿਰ ਲੱਗਾਉਣ ਨਾਲ ਇਸ ਨੂੰ ਜਾਨੂਸ਼ਿਰ ਆਸਣ ਕਿਹਾ ਜਾਂਦਾ ਹੈ। ਪੇਡੂ ਦੀ ਗੜਬੜ ਨੂੰ ਠੀਕ ਕਰਨ ਵਿੱਚ ਇਹ ਆਸਣ ਮਹੱਤਵਪੂਰਨ ਸਥਾਨ ਰੱਖਦਾ ਹੈ। ਹਵਾ ਪਰਕੋਪ, ਮੂਤਰ-ਰੁਕਾਵਟ, ਆਂਤੜੀਆਂ ਦੀ ਗਰਮੀ ਆਦਿ ਨੂੰ ਦੂਰ ਕਰਨ ਵਿੱਚ ਇਹ ਉਪਯੋਗੀ ਹੈ। ਪੈਰਾਂ ਵਿੱਚ ਸਥਿੱਤ ਸ਼ਾਇਟਕਾ ਨਾੜੀ ਪ੍ਰਭਾਵਿਤ ਹੁੰਦੀ ਹੈ, ਰੀੜ੍ਹ, ਪਿੱਠ ਦੀਆਂ ਮਾਸਪੇਸ਼ੀਆਂ ਵਿੱਚ ਲਚਕੀਲਾਪਨ ਆਉਂਦਾ ਹੈ। ਪੇਸ਼ਾਬ ਦਾ ਸ਼ੂਗਰ ਰੋਗ ਠੀਕ ਹੁੰਦਾ ਹੈ।

ਵਿਧੀ-ਦੋਵੇਂ ਪੈਰਾਂ ਨੂੰ ਸਾਹਮਣੇ ਫੈਲਾਕੇ ਆਸਣ ਉੱਤੇ ਬੈਠੋ। ਅੱਡੀਆਂ, ਪੰਜੇ ਤਾਣੋ, ਦੋਨਾਂ ਹਥੇਲੀਆਂ ਨੂੰ ਗੋਡਿਆਂ ਉੱਪਰ ਰੱਖੋ। ਸੱਜੇ ਪੈਰ ਨੂੰ ਮੋੜਦੇ ਹੋਏ ਅੱਡੀ ਨੂੰ ਜੰਘਾਂ ਮੂਲ ਨਾਲ ਲੱਗਾ ਲਓ। ਸਾਹ ਭਰਦੇ ਹੋਏ ਹੱਥਾਂ ਨੂੰ ਆਸਮਾਨ ਵੱਲ ਯਥਾ-ਸ਼ਕਤ ਖਿਚੋ। ਪਿੱਠ ਨੂੰ ਤਾਣੋ। ਬਾਂਹਵਾਂ ਸਮਾਨਅੰਤਰ। ਉਂਗਲੀਆਂ ਅੰਗੂਠੇ ਮਿਲੇ ਹੋਏ। ਹਥੇਲੀਆਂ ਸਾਹਮਣੇ ਵੱਲ। ਕਲਾਈਆਂ ਸਿੱਧਿਆਂ ਰੱਖੋ। ਸਾਹ ਛੱਡਦੇ ਹੋਏ ਹੌਲੀ-ਹੌਲੀ ਅੱਗੇ ਝੁਕੋ। ਕਲਾਈਆਂ ਪੰਜਿਆਂ ਨਾਲੋਂ ਓਗੇ ਨਿਕਲ ਜਾਣ। ਇਹ ਸਥਿੱਤੀ ਬਣਨ 'ਤੇ ਪੈਰ ਦਾਏ ਅੰਗੂਠਾ ਪਕੜ ਕੇ ਖਿਚੋ ਤਾਂ ਕਿ ਕੂਹਣੀਆਂ ਧਰਤੀ ਤੇ ਲੱਗ ਜਾਣ ਅਤੇ ਮੱਥਾ ਖੱਬੇ ਗੋਡੇ ਉੱਪਰ ਰੱਖ ਲਓ। ਸਾਹ ਸਮਾਨ ਕਰ ਲਓ। ਸਾਹ ਭਰਦੇ ਹੋਏ ਬਾਂਹਵਾਂ ਅਤੇ ਕਮਰ ਉੱਪਰ ਖਿੱਚੋ, ਬਰਾਬਰ ਤੋਂ ਬਾਂਹਵਾਂ ਵਾਪਸ। ਹੱਥ ਕਮਰ ਦੇ ਪਿੱਛੇ, ਪੈਰ ਸਿੱਧੇ, ਅੱਡੀਆਂ ਵਿੱਚ ਦੂਰੀ, ਸਰੀਰ ਢਿੱਲਾ। ਇਹੀ ਕਿਰਿਆ ਦੂਜੇ ਪੈਰ ਨਾਲ ਕਰੋ। ਧਿਆਨ ਦਾ ਕੇਂਦਰ-ਸਵਾਧਿਸ਼ਠਾਨ ਚੱਕਰ।


**ਪਸ਼ਚਿਮੋਤਾਣ ਆਸਣ:-** ਪਸ਼ਚਿਮ ਦਾ ਅਰਥ ਹੈ-ਪਿੱਠ। ਇਸ ਆਸਣ ਨਾਨ ਪੇਟ ਅਤੇ ਰੀੜ੍ਹ ਵਿਸ਼ੇਸ਼ ਰੂਪ ਨਾਲ ਪ੍ਰਭਾਵਿਤ ਹੁੰਦੇ ਹਨ। ਇਸਦੇ ਅਭਿਆਸ ਨਾਲ ਰੀੜ੍ਹ ਲਚਕੀਲੀ, ਸਰੀਰ ਸੰਗਠਿਤ ਅਤੇ ਕਮਰ ਦੇ ਹੇਠਲੇ ਭਾਗ ਦਾ ਕੜਾਪਣ ਦੂਰ ਹੁੰਦਾ ਹੈ। ਗੋਡੇ, ਸ਼ਇਟਕਾ, ਸੁਪਨਦੋਸ਼, ਬਵਾਸੀਰ , ਨਜ਼ਲਾ-ਜ਼ੁਕਾਮ ਆਦਿ ਰੋਗ ਦੂਰ ਹੁੰਦੇ ਹਨ।

ਵਿਧੀ-ਆਸਣ ਉੱਤੇ ਬੈਠੋ। ਦੋਵੇਂ ਪੈਰਾਂ ਦੀਆਂ ਅੱਡੀਆਂ ਅਤੇ ਪੰਜੇ ਮਿਲਾਓ, ਪੰਜੇ ਤਾਣੋ, ਹਥੇਲੀਆਂ ਗੋਡਿਆਂ ਉੱਪਰ ਰੱਖੋ। ਸਾਹ ਭਰਦੇ ਹੋਏ ਦੋਵੇਂ ਹੱਥਾਂ ਨੂੰ ਆਸਮਾਨ ਵੱਲ ਤਾਣੋ, ਪਿੱਠ ਵੀ ਤਾਣੋ। ਸਾਹ ਛੱਡਦੇ ਹੋਏ ਹੌਲੀ-ਹੌਲੀ ਕਮਰ ਦੇ ਹੇਠਲੇ ਭਾਗ ਨਾਲ ਅੱਗੇ ਵੱਲ ਝੁਕਦੇ ਜਾਓ। ਕਲਾਈਆਂ ਨੂੰ ਪੰਜਿਆਂ ਤੋਂ ਅੱਗੇ ਕੱਢਣ ਦਾ ਯਤਨ ਕਰੋ। ਜਿਸਦੀ ਇਹ ਸਥਿਤੀ ਬਣਦੀ ਹੈ ਉਹ ਹੱਥਾਂ ਨਾਲ ਪੈਰਾਂ ਦੇ ਅੰਗੂਠੇ ਪਕੜ ਲਵੇ। ਐਨਾ ਖਿੱਚੋ ਕਿ ਕੂਹਣੀਆਂ ਧਰਤੀ ਨਾਲ ਲੱਗ ਜਾਣ, ਮੱਥਾ ਗੋਡਿਆਂ ਉੱਪਰ ਟਿਕ ਜਾਏ। ਸਾਹ ਭਰਦੇ ਹੋਏ ਬਾਂਹਵਾਂ ਉੱਪਰ ਲੈ ਜਾਓ। ਪਿੱਠ ਤਾਣੋ। ਹੱਥ ਬਰਾਬਰ ਤੋਂ ਵਾਪਿਸ ਲਿਆਓ। ਦੋਵੇਂ ਹੱਥਾਂ ਨੂੰ ਕਮਰ ਦੇ ਪਿੱਛੇ ਰੱਖ ਦਿਓ। ਪੰਜਿਆਂ ਨੂੰ ਸੱਜੇ ਖੱਬੇ ਹਟਾਕੇ ਢਿੱਲਾ ਕਰ ਲਓ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ। ਇਸ ਆਸਣ 'ਚ ਧਿਆਨ ਦੇਣ ਯੋਗ ਗੱਲ ਹੈ ਕਿ ਗੋਡੇ ਨਾ ਮੁੜਨ, ਪਿੱਠ ਅਤੇ ਹੱਥ ਤਣੇ ਰਹਿਣ। ਦਿੱਲ ਦੇ ਰੋਗ, ਉੱਚ ਰਕਤਚਾਪ ਅਤੇ ਕਮਰ ਦਰਦ ਵਿੱਚ ਇਸਨੂੰ ਨਾ ਕਰੋ।

ਚਲਦਾ.......

❋ ❋ ❋ ❋ ❋

ਪਵਨਦੀਪ ਸਿੰਘ ਪੁੱਤਰ ਸ. ਇਕਬਾਲ ਸਿੰਘ ਸੈਣੀ ਵਾਸੀ ਪਿੰਡ ਫਿਰੋਜ਼ਪੁਰ, ਜ਼ਿਲ੍ਹਾ ਰੂਪਨਗਰ ਜਿਸਨੇ ਲਾਸ ਏਂਜਲਸ (ਯੂ.ਐੱਸ.ਏ.) ਵਿੱਚ ਸਪੈਸ਼ਲ ਓਲੰਪਿਕਸ ਵਰਲਡ ਸਮਰ ਗੇਮਜ਼ 2015 ਦੇ ਬਾਸਕਟਬਾਲ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਹਾਸਲ ਕੀਤਾ ਹੈ। ਪਵਨਦੀਪ ਸਿੰਘ ਅੰਬੂਜਾ ਮਨੋਵਿਗਿਆਨ ਸ਼ਿਕਸ਼ਾ ਕੇਂਦਰ ਰੂਪਨਗਰ ਦਾ ਵਿਦਿਆਰਥੀ ਹੈ।



ਕੌਮੀ ਖੇਡ ਦਿਵਸ 29 ਅਗਸਤ 'ਤੇ ਵਿਸ਼ੇਸ਼

# ਰਾਸ਼ਟਰੀ ਖੇਡ ਐਵਾਰਡਜ਼



ਕੁਲਦੀਪ ਸਿੰਘ

ਕੌਮੀ ਖੇਡ ਦਿਵਸ, 29 ਅਗਸਤ ਨੂੰ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਵਸ 'ਤੇ ਮਨਾਇਆ ਜਾਂਦਾ ਹੈ। ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪ੍ਰਾਪਤੀਆਂ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਇਹ ਐਵਾਰਡ ਕੌਮੀ ਖੇਡ ਦਿਵਸ ਮੌਕੇ ਦਿੱਤੇ ਜਾਂਦੇ ਹਨ।

**ਭਾਰਤ ਰਤਨ ਐਵਾਰਡ:**



ਇਹ ਸਰਵਉੱਚ ਐਵਾਰਡ 2 ਜਨਵਰੀ 1954 ਨੂੰ ਸ਼ੁਰੂ ਕੀਤਾ ਗਿਆ ਸੀ। ਇਹ ਐਵਾਰਡ ਮਰਨ ਉਪਰੰਤ ਵੀ ਦਿੱਤਾ ਜਾਂਦਾ ਹੈ। ਪਿੱਪਲ ਦੇ ਪੱਤੇ ਦੇ ਆਕਾਰ ਦਾ ਇਹ ਮੈਡਲ 1.30 ਡਾਇਆ ਮੀਟਰ ਗੋਲੇ ਸੋਨੇ ਦਾ ਬਣਿਆ ਹੁੰਦਾ ਹੈ। ਇਸ ਉਪਰ ਸੂਰਜ ਚੜਦਾ ਦਿਖਾਈ ਦਿੰਦਾ ਹੈ। ਸੂਰਜ ਦੇ ਹੇਠਾਂ ਹਿੰਦੀ ਭਾਸ਼ਾ 'ਚ ਭਾਰਤ ਰਤਨ ਲਿਖਿਆ ਹੁੰਦਾ ਹੈ।

**ਦ੍ਰੋਣਾਚਾਰੀਆ ਐਵਾਰਡ:**




ਇਹ ਐਵਰਡ ਖਿਡਾਰੀਆਂ ਦੇ ਕੋਚਾਂ ਤੇ ਗੁਰੂਆਂ ਨੂੰ ਦਿੱਤਾ ਜਾਂਦਾ ਹੈ। ਸੰਨ 1985 ਵਿੱਚ ਇਸ ਐਵਾਰਡ ਦੀ ਸ਼ੁਰੂਆਤ ਹੋਈ। ਇਹ ਇਕ ਬੁੱਤ ਦੇ ਰੂਪ ਵਿੱਚ ਹੁੰਦਾ ਹੈ, ਇੱਕ ਸਰਟੀਫਿਕੇਟ ਅਤੇ ਪੰਜ ਲੱਖ ਰੁਪਏ ਦੀ ਰਾਸ਼ੀ ਹੁੰਦੀ ਹੈ। ਇਹ ਇਨਾਮ ਹਜ਼ਾਰਾਂ ਸਾਲ ਪਹਿਲਾਂ ਵੀ ਰਾਜਿਆਂ-ਮਹਾਂਰਾਜਿਆਂ ਵੱਲੋਂ ਦਿੱਤਾ ਜਾਂਦਾ ਸੀ।

**ਰਾਜੀਵ ਗਾਂਧੀ ਖੇਡ ਰਤਨ ਐਵਾਰਡ:**




ਇਹ ਐਵਾਰਡ ਵੀ ਮੈਡਲ ਦੀ ਸ਼ਕਲ ਦਾ ਗੋਲ ਹੁੰਦਾ ਹੈ। ਇਹ ਮੈਡਲ 1991-92 ਤੋਂ ਕੌਮਾਂਤਰੀ ਪੱਧਰ 'ਤੇ ਸਰਬਉੱਚ ਪ੍ਰਕਰਨ ਵਾਲੇ ਖਿਡਾਰੀਆਂ ਨੂੰ ਦਿੱਤਾ ਜਾਂਦਾ ਹੈ। 1991 ਤੋਂ 2009 ਤੱਕ 18 ਖਿਡਾਰੀ ਇਹ ਐਵਾਰਡ ਪ੍ਰਾਪਤ ਕਰ ਚੁੱਕੇ ਹਨ। ਐਵਾਰਡੀ ਨੂੰ ਇਕ ਬਲੈਜ਼ਰ ਸਕਾਰਫ ਅਤੇ 7.5 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ।

**ਪਦਮਸ਼੍ਰੀ ਐਵਾਰਡ:**




ਇਹ ਐਵਾਰਡ 2 ਜਨਵਰੀ 1954 ਨੂੰ ਰਾਸ਼ਟਰਪਤੀ ਵੱਲੋਂ ਸ਼ੁਰੂ ਕੀਤਾ ਗਿਆ। ਇਹ ਮੈਡਲ ਦੀ ਸ਼ਕਲ ਦਾ ਹੁੰਦਾ ਹੈ। ਅਤੇ ਇਕ ਇੰਚ ਦਾ ਅੱਠਵਾਂ ਹਿੱਸਾ ਮੋਟਾ ਹੁੰਦਾ ਹੈ। ਇੱਕ ਪਾਸੇ ਐਵਾਰਡ ਪ੍ਰਾਪਤ ਕਰਨ ਵਾਲੇ ਦਾ ਨਾਂ ਅਤੇ ਪਦਮਸ਼੍ਰੀ ਲਿਖਿਆ ਹੁੰਦਾ ਹੈ।ਇਹ ਕਾਂਸੇ ਦਾ ਬਣਿਆ ਹੁੰਦਾ ਹੈ ਅਤੇ ਉਪਰ ਚਾਂਦੀ ਦਾ ਪਾਣੀ ਚੜ੍ਹਿਆ ਹੁੰਦਾ ਹੈ। ਦੂਜੇ ਪਾਸੇ ਐਵਾਰਡ ਪ੍ਰਾਪਤ ਕਰਨ ਵਾਲੇ ਦੇ ਰਾਜ ਦਾ ਨਾਂ ਚਾਂਦੀ ਵਿੱਚ ਲਿਖਿਆ ਹੁੰਦਾ ਹੈ। ਇਹ ਐਵਾਰਡ ਪ੍ਰਾਪਤ ਕਰਨ ਵਾਲੇ ਮਰਦਾਂ ਦੀ ਛਾਤੀ ਦੇ ਖੱਬੇ ਪਾਸੇ ਅਤੇ ਔਰਤਾਂ ਦੇ ਖੱਬੇ ਮੋਢੇ ਉੱਪਰ ਲਗਾਇਆ ਜਾਂਦਾ ਹੈ। ਇਸਦੇ ਸਾਰੇ ਹੱਕ ਰਾਸ਼ਟਰਪਤੀ ਕੋਲ ਹੁੰਦੇ ਹਨ।

**ਪਦਮ ਭੂਸ਼ਨ ਐਵਾਰਡ:**



ਇਹ ਐਵਾਰਡ ਰਾਸ਼ਟਰਪਤੀ ਵੱਲੋਂ 2 ਜਨਵਰੀ, 1954 ਨੂੰ ਸ਼ੁਰੂ ਕੀਤਾ ਗਿਆ। ਇਹ 1.34 ਡਾਇਮੀਟਰ ਗੋਲ ਅਤੇ ਇੱਕ ਇੰਚ ਦਾ ਅੱਠਵਾਂ ਹਿੱਸਾ ਮੋਟਾ ਹੁੰਦਾ ਹੈ ਅਤੇ ਇੱਕ ਪਾਸੇ ਪ੍ਰਾਪਤ ਕਰਨ ਵਾਲੇ ਦਾ ਨਾਂ ਲਿਖਿਆ ਹੁੰਦਾ ਹੈ। ਦੂਜੇ ਪਾਸੇ ਪ੍ਰਾਪਤ ਕਰਨ ਵਾਲੇ ਦੇ ਰਾਜ ਦਾ ਨਾਂ ਲਿਖਿਆ ਹੁੰਦਾ ਹੈ। ਇਹ ਐਵਾਰਡ ਸਰਕਾਰੀ ਅਤੇ ਗੈਰ-ਸਰਕਾਰੀ ਅਧਿਕਾਰੀਆਂ ਨੂੰ ਮਿਲ ਸਕਦਾ ਹੈ। ਸਾਲ 1954 ਤੋਂ 2009 ਤੱਕ ਇਸ ਐਵਾਰਡ ਨੂੰ 785 ਦੇ ਕਰੀਬ ਸਰਕਾਰੀ ਅਤੇ ਗੈਰ-ਸਰਕਾਰੀ ਅਧਿਕਾਰੀ ਪ੍ਰਾਪਤ ਕਰ ਚੁੱਕੇ ਹਨ।

**ਮੌਲਾਨਾ ਅਬੁਲ ਕਲਾਮ ਅਜ਼ਾਦ ਟਰਾਫੀ:**



ਇਹ ਟਰਾਫੀ 1956-57 ਵਿੱਚ ਰਾਸ਼ਟਰਪਤੀ ਵੱਲੋਂ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਅਜ਼ਾਦ ਦੇ ਨਾਂ ਤੇ ਸ਼ੁਰੂ ਕੀਤੀ ਗਈ ਅਤੇ ਇਹ ਸਿਰਫ ਭਾਰਤ ਦੀ ਉਸ ਯੂਨੀਵਰਸਿਟੀ ਨੂੰ ਦਿੱਤੀ ਜਾਂਦੀ ਹੈ, ਜਿਸਨੇ ਖੇਡਾਂ ਦੇ ਖੇਤਰ ਵਿੱਚ ਬਹੁਤ ਵੱਡੀ ਪ੍ਰਾਪਤੀ ਕੀਤੀ ਹੋਵੇ। ਇਹ ਟਰਾਫੀ ਸਭ ਤੋਂ ਲੰਮਾ ਸਮਾਂ 20 ਵਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਕੋਲ ਰਹੀ ਹੈ। ਇਹ ਇੱਕ ਰਾਸ਼ਟਰੀ ਰਿਕਾਰਡ ਹੈ।29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਮੌਕੇ ਜੇਤੂ ਯੂਨੀਵਰਸਿਟੀ ਦੇ ਉਪ-ਕੁਲਪਤੀ ਅਤੇ ਖੇਡ ਮੁਖੀ ਅਸ਼ੋਕਾ ਹਾਲ ਵਿਖੇ ਰਾਸ਼ਟਰਪਤੀ ਕੋਲੋਂ ਇਹ ਟਰਾਫੀ ਅਤੇ ਦਸ ਲੱਖ ਰੁਪਏ ਨਕਦ ਇਨਾਮ ਪ੍ਰਾਪਤ ਕਰਦੇ ਹਨ।

**ਮੇਜਰ ਧਿਆਨ ਚੰਦ ਐਵਾਰਡ:**




ਇਹ ਐਵਾਰਡ ਇਕ ਟਰਾਫੀ ਦੀ ਸ਼ਕਲ ਵਿੱਚ ਹੁੰਦਾ ਹੈ। ਇਹ ਐਵਾਰਡ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਨਾਂ 'ਤੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ । ਇਸ ਐਵਾਰਡ ਦੀ ਸ਼ੁਰੂਆਤ ਰਾਸ਼ਟਰਪਤੀ ਵੱਲੋਂ 2002 'ਚ ਕੀਤੀ ਗਈ। 29 ਅਗਸਤ, 1905 ਨੂੰ ਜਨਮੇ ਧਿਆਨ ਚੰਦ ਨੇ ਰਾਸ਼ਟਰੀ ਖੇਡ ਹਾਕੀ ਵਿੱਚ ਆਪਣੀ ਕਲਾ ਅਤੇ ਖੇਡ ਹੁਨਰ ਸਦਕਾ ਹਿਟਲਰ ਵਰਗੇ ਤਾਨਾਸ਼ਾਹ ਨੂੰ ਝੁਕਾ ਦਿੱਤਾ ਸੀ। ਇਸ ਨੂੰ ਪ੍ਰਾਪਤ ਕਰਨ ਵਾਲੇ ਨੂੰ ਪੰਜ ਲੱਖ ਰੁਪਏ ਇਨਾਮ ਦਿੱਤਾ ਜਾਂਦਾ ਹੈ।

-ਕੀਰਤਪੁਰ ਸਾਹਿਬ

ਹਾਈ ਬਲੱਡ ਪ੍ਰੈਸ਼ਰ ਜਾਂ ਉੱਚ ਰਕਤ ਚਾਪ

# ਇੱਕ ਖਾਮੋਸ਼ ਕਾਤਲ-Silent Killer

ਹਰਬੰਸ ਸਿੰਘ



ਜਿਵੇਂ ਸਰੀਰ ਦਾ ਤਾਪਮਾਨ ਆਸਾਨੀ ਨਾਲ ਹੀ ਨਾਪਿਆ ਜਾ ਸਕਦਾ ਹੈ ਜਿਹੜਾ ਕਿ ਆਮ ਕਰਕੇ 37C /98.6 F ਹੁੰਦਾ ਹੈ। ਰਕਤ ਚਾਪ ਸਮੇਂ ਸਮੇਂ 'ਤੇ ਮਨੁੱਖ ਨਾਲ ਵਾਪਰੀਆਂ ਘਟਨਾਂਵਾਂ ਦੇ ਅਸਰ ਤੋਂ ਪ੍ਰਭਵਿਤ ਹੋ ਕੇ ਘੱਟਦਾ- ਵੱਧਦਾ ਰਹਿੰਦਾ ਹੈ। ਮਨੁੱਖ ਦੀਆਂ ਮਾਨਸਿਕ ਭਾਵਨਾਂਵਾਂ ਅਤੇ ਦੁਖ-ਸੁਖ ਦਾ ਸਾਹਮਣਾ ਕਰਨ ਦਾ ਮਨੋਬਲ ਵੀ ਉਸ ਦੇ ਰਕਤ ਚਾਪ 'ਤੇ ਅਸਰ ਕਰਦਾ ਹੈ।ਜਦੋਂ ਦਿਲ ਖ਼ੂਨ ਨੂੰ ਧੱਕਦਾ ਹੈ ਤਾਂ ਹੀ ਖ਼ੂਨ ਨੂੰ ਨਾੜੀਆਂ ਰਾਹੀਂ ਹਰ ਅੰਗ ਨੂੰ ਆਕਸੀਜਨ ਵਾਲਾ ਖ਼ੂਨ ਪਹੁੰਚਾਉਣ ਲਈ ਸੁੰਗੜਦਾ ਹੈ ਇਸ ਨੂੰ ਉਪਰਲਾ ਸਿਸਟੋਲਿਕ ਰਕਤ ਚਾਪ (systolic pressure) ਰਹਿੰਦੇ ਹਨ। ਜਦੋਂ ਢਿੱਲਾ ਪੈ ਰਹਿ ਹੁੰਦਾ ਹੈ ਉਸ ਵੇਲੇ ਦੇ ਦਬਾਉ ਨੂੰ ਹੇਠਲਾ (diastolic pressure) ਡਾਈਅਸਟੌਲਿਕ ਰਕਤ ਚਾਪ ਕਿਹਾ ਜਾਂਦਾ ਹੈ। 40 ਵਰ੍ਹਿਆਂ ਦੀ ਉਮਰ ਵਿਚ ਇਕ ਤੰਦਰੁਸਤ ਮਨੁੱਖ ਦਾ ਉਪਰ ਦਾ ਰਕਤ ਚਾਪ 110 ਤੋਂ 140 ਤਕ ਅਤੇ ਹੇਠਲਾ 60 ਤੋਂ 90 ਤਕ ਠੀਕ ਨਾਰਮਲ ਸਮਝਿਆ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੀ ਇਹ ਲਿਖਿਆ ਜਾਂਦਾ ਹੈ। ਜਿਵੇਂ ਕਿ 110/80 ਜਾਂ 140/90 ਰਕਤ ਚਾਪ ਦਾ 120/80 ਹੋਣਾ ਨਾਰਮਲ ਸਮਝਿਆ ਜਾਦਾ ਹੈ। ਪਰ 140/90 ਤੋਂ ਵੱਧ ਜਾਵੇ ਤਾਂ ਇਸ ਨੂੰ ਉੱਚ ਰਕਤ ਚਾਪ (high blood pressure) ਸਮਝਿਆ ਜਾਂਦਾ ਹੈ। ਇਸ ਹਾਲਤ ਵਿਚ ਮਨੁੱਖ ਨੂੰ ਰੋਗੀ ਸਮਝਿਆ ਜਾਂਦਾ ਹੈ। ਜੇਕਰ ਨਾਰਮਲ ਤੋਂ 30MM ਵੱਧ ਜਾਵੇ ਤਾਂ ਸਮਝੋ ਉਹ ਮਨੁੱਖ ਰੋਗੀ ਹੈ। ਇਸ ਦੇ 200 ਅੰਕ ਤੋਂ ਅੱਗੇ ਜਾਣ 'ਤੇ ਮਨੁੱਖ ਦੇ ਦਿਮਾਗ਼ ਦੀ ਨਾੜੀ ਫੱਟ ਜਾਂਦੀ ਹੈ।(Brain Damage or Brain Stroke) ਦਿਮਾਗ਼ ਦੀ ਨਾੜੀ ਦਾ ਫੱਟ ਜਾਣਾ ਜਾਂ ਦਿਮਾਗ਼ ਦਾ ਸੰਤੁਲਨ ਵਿਗੜ ਜਾਣਾ ਦੇਖਣ ਵਿਚ ਅਉਂਦਾ ਹੈ। ਇਸ ਹਾਲਤ ਵਿਚ ਰੋਗੀ ਬੋਲ ਨਹੀਂ ਸਕਦਾ, ਕੁਝ ਦੱਸ ਨਹੀਂ ਸਕਦਾ। ਉਹ ਬੇਹੋਸ਼ੀ ਦੀ ਹਾਲਤ ਵਿੱਚ ਹੁੰਦਾ ਹੈ। ਉਸ ਦਾ ਮੁੜ ਪਹਿਲੇ ਜੀਵਨ ਦੀ ਹਾਲਤ ਵਿਚ ਆਉਣ ਦੇ ਆਸਾਰ ਬਹੁਤ ਘੱਟ ਰਹਿ ਜਾਂਦੇ ਹਲ ਅਤੇ ਜੀਵਨ ਲੀਲ੍ਹਾ ਖ਼ਤਮ ਹੋਣ ਦੇ ਕਰੀਬ ਹੋ ਜਾਂਦੀ ਹੈ। Hypertension ਇਕ ਸਿਰਫ਼ ਮਨੁੱਖ ਦੇ ਦਿਮਾਗ਼ 'ਤੇ ਹੀ ਨਹੀਂ ਆਪਣਾ ਅਸਰ ਕਰਦੀ, ਸਗੋਂ ਅਧਰੰਗ/ਲਕਵਾ, ਸਰੀਰਕ ਕਮਜ਼ੋਰੀ, ਬੇਚੈਨੀ, ਸਿਰ ਦਾ ਪਿਛਲਾ ਹੇਠਲਾ ਹਿੱਸਾ ਦਰਦ ਕਰਦੇ ਰਹਿਣਾ, ਨੀਂਦ ਨਾ ਆਉਣਾ, ਸਰੀਰ ਦਾ ਪਸੀਨੇ ਨਾਲ ਭਿੱਜ ਜਾਣਾ, ਲੱਤਾਂ ਪਿੰਨੀਆਂ ਦਾ ਦੁੱਖਣਾ, ਜੋੜਾਂ ਦੇ ਦਰਦ, ਲੱਕ ਦਰਦ, ਭੁੱਖ ਨਾ ਲੱਗਣਾ, ਚਿੜਚਿੜਾ ਸੁਭਾਅ ਹੋ ਜਾਣਾ, ਗੁੱਸਾ ਆਉਣਾ, ਗੁਰਦਿਆਂ ਦਾ ਫ਼ੇਲ੍ਹ ਹੋਣਾ, ਦਿਲ ਦਾ ਫ਼ੇਲ੍ਹ ਹੋਣਾ (Heart Attack) ਖ਼ੂਨ ਦੀਆਂ ਨਾੜੀਆਂ ਵਿਚ ਕੋਲੈਸਟਰਾਲ (Cholestrol) ਦਾ ਜੰਮ ਜਾਣਾ ,ਅੱਖਾਂ ਦੇ ਪੜਦੇ ਨੂੰ (Retina) ਨੁਕਸਾਨ ਪੁਜਣਾ ,ਨਜ਼ਰ ਦਾ ਧੁੰਦਲਾ ਹੋਣਾ ਜਾਂ ਨਜ਼ਰ ਦਾ ਉੱਕਾ ਹੀ ਖਤਮ ਹੋ ਜਾਣਾ ਆਦਿ Hypertension ਸਭ ਜਾਂ ਉੱਚ ਰਕਤ ਚਾਪ ਤੋਂ ਪੈਦਾ ਹੋਣ ਵਾਲਾ ਵਿਕਾਰ ਹੈ ਆਰਟਰੀਜ਼ ਵਿਚ ਕੋਲੈਸਟਰਾਲ ਜਾਂ ਚਰਬੀ ਦੇ ਜੰਮ ਜਾਣਾ ਨਾਲ ਆਇਆ ਵਿਗਾੜ ਮੁੜ ਠੀਕ ਨਹੀ ਕੀਤਾ ਜਾ ਸਕਦਾ । ਮਾਨਸਿਕ ਤਣਾਉ ਦੇ ਵਧਣ ਦਾ ਕਾਰਨ ਸਾਡੇ ਜੀਵਨ ਵਿਚ ਆਏ ਪਰਿਵਰਤਨ (change in our life style) ਦੇ ਢੰਗ ਹਨ। Out door eating;Fast foods, Refrigerator ਵਿਚ ਰੱਖੀਆ ਚੀਜਾਂ ਦੀ ਵਰਤੋ,ਢਾਬਿਆ ਤੋ ਬੇਹਾ -ਤ੍ਰਿਬੇਹਿਆ ਬੇ-ਟਾਇਮ ਦਾ ਦੌੜ ਭੱਜ ਵਿਚ ਖਾਧਾ ਹੋਇਆ ਖਾਣਾ , ਸ਼ਰਾਬ ਦੀ ਖੁੱਲ੍ਹੀ ਵਰਤੋਂ ,ਖਾਣੇ ਦੀ ਤਿਆਰੀ ਵਿਚ ਵਰਤੇ ਚਟਪਟੇ ਮਿਰਚ ਮਸਾਲੇ ,ਤੇਲਾਂ ਦੀ ਖੁੱਲ੍ਹੇ ਦਿਲ ਕੀਤੀ ਹੋਈ ਵਰਤੋ, ਗਰਮ ਗੁਲਾਬ ਜਾਮਨ ਜਾਂ ਗਰਮ ਗਜਰੇਲੇ ਦਾ ਆਈਸ ਕਰੀਮ ਦੇ ਨਾਲ ਨਾਲ ਹੀ ਵਰਤਿਆ ਜਾਣਾ ,ਅਤੇ ਕਾਫੀ ਕਲਡ ਡਰਿੰਕ ਦੀ ਵਰਤੋ, ਖਾਣੇ ਦੀ ਤਲੀਆਂ ਹੋਈਆਂ ਭਾਰੀਆਂ ਚੀਜ਼ਾਂ ਆਦਿ ਸਾਨੂੰ ਕੁਦਰਤ ਤੋਂ ਦੂਰ ਲੈ ਜਾਂਦੀਆਂ ਹਨ। ਅਸੀਂ ਬੜੀ ਬੇਸਬਰੀ ਨਾਂਲ ਉਤਾਵਲੇ ਹੋ ਕੇ, ਇਨ੍ਹਾਂ ਨੂੰ ਖਾਣ-ਪੀਣ ਲਈ ਟੁੱਟ ਕੇ ਪੈ ਜਾਂਦੇ ਹਾਂ। ਸੁਆਦਾਂ ਸੁਆਦਾਂ ਵਿਚ ਓਵਰਈਟਿਡਗ ਹੋ ਜਾਂਦੀ ਹੈ। ਐਥੇ ਹੀ ਬਸ ਨਹੀ, ਅਜਿਹੇ ਵਿਚ ਖਾਧਾ ਪੀਤਾ ਸਾਡੀਆ ਰੋਜ਼ਾਨਾ ਖਾਣ - ਪੀਣ ਦੀਆ ਆਦਤਾਂ ਨੂੰ ਵੀ ਵਿਗਾੜਦਾ ਹੈ।

ਪਸ਼ੂਆਂ ਤੋਂ ਪ੍ਰਾਪਤ ਹੋਣ ਵਾਲੀ ਖ਼ੁਰਾਕ, ਜਿਵੇਂ ਕਿ ਕਈ ਪ੍ਰਕਾਰ ਦਾ ਮੀਟ , ਮੱਛੀ, ਆਂਡੇ ਅਤੇ ਦੁੱਧ ,ਬੰਦੇ ਦੀ ਕੁਦਰਤੀ ਖੁਰਾਕ ਨਹੀਂ ਹੈ,ਪਰ ਫਿਰ ਵੀ ਬਹੁਤ ਲੋਕੀ ਖਾਂਦੇ ਪੀਂਦੇ ਹਨ। ਇਹ ਸਭ ਮਨੁੱਖ ਦੇ ਸਰੀਰ ਦੀ , ਚਰਬੀ ਕੋਲੈਸਟਰੋਲ ਦਾ ਵਾਧਾ ਕਰਦੇ ਹਨ, ਜੋ ਇਕ ਸਿਹਤਮੰਦ ਸਰੀਰ ਲਈ ਹਾਨੀਕਾਰਕ ਹੈ। ਮਾਸਾਹਾਰੀ ਭੋਜਨ ਦੇ ਮੁਕਾਬਲੇ ਸ਼ਾਕਾਹਾਰੀ ਭੋਜਨ ਕਿਤੇ ਜ਼ਿਆਦਾ ਲਾਭਕਾਰੀ ਦੱਸਿਆ ਗਿਆ ਹੈ। ਤਾਜ਼ੀਆਂ ਸਬਜ਼ੀਆਂ ਖ਼ਾਸ ਕਰਕੇ ਪੱਤੇਦਾਰ ਸਬਜ਼ੀਆਂ ਸਲਾਦ ਆਦਿ ਦੀ ਵਰਤੋਂ ਜਿੰਨੀ ਹੋ ਸਕੇ, ਚੰਗੀ ਹੈ। ਮੌਸਮੀ ਫਲ ਫ਼ਰੂਟ ਅਤੇ ਉਨ੍ਹਾਂ ਦਾ ਰਸ ਰੋਜ਼ਾਨਾ ਖ਼ੁਰਾਕ ਦਾ ਅੰਗ ਬਣ ਜਾਣਾ ਚਾਹੀਦਾ ਹੈ। ਸੇਬ ਤੇ ਉਸ ਦਾ ਰਸ, ਔਲਿਵ ਤੇ ਉਸ ਦਾ ਰਸ, ਮੁਸੱਮੀ ਅਤੇ ਸਿਟਰਸ ਫਲਾਂ ਦੇ ਰਸ ਦਿਲ ਨੂੰ ਨਰੋਆ ਤੇ ਤਕੜਾ ਬਣਾਉਂਦੇ ਹਨ। ਦਾਲ ਸਬਜ਼ੀਆਂ ਦੇ ਪਕਾਣ ਵਿਚ ਤੇਲ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਤੇਲ ਵੀ ਉਹ ਵਰਤਣੇ ਚਾਹੀਦੇ ਹਨ ਜਿਹੜੇ ਕਿਸੇ ਵੀ ਰੁੱਤ ਵਿਚ ਜੰਮਦੇ ਨਾ ਹੋਣ।

-ਸੋਮਰਵਿਲਾ, ਐੱਮ.ਏ. (ਯੂ.ਐੱਸ.ਏ.)

## ਇਤਿਹਾਸਕ ਧੰਨਵਾਦ


ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਮਈ 2016 ਨੂੰ ਪਾਰਲੀਮੈਂਟ ਵਿੱਚ 1914 ਦੇ ਕੋਮਾਗਾਟਾ ਮਾਰੂ ਸਾਕੇ ਲਈ ਪੰਜਾਬੀਆਂ(ਸਿੱਖਾਂ) ਤੋਂ ਮੁਆਫ਼ੀ ਮੰਗਦਿਆਂ ਵਿਸ਼ੇਸ਼ ਤੌਰ ਤੇ ਆਖਿਆ,'..ਮੈਂ,ਕੋਮਾਗਾਟਾ ਮਾਰੂ ਘਟਨਾ ਨੂੰ ਕੌਮੀ ਪੱਧਰ 'ਤੇ ਧਿਆਨ ਵਿੱਚ ਲਿਆਉਣ ਵਾਲੇ ਜਿਸ ਸ਼ਖ਼ਸ ਦਾ ਧੰਨਵਾਦ ਕਰਨਾ ਚਾਹਾਂਗਾ ਉਹ ਹਨ ਸਾਡੇ ਰੱਖਿਆ ਮੰਤਰੀ ਹਰਜੀਤ ਸੱਜਣ। ਸਿਆਸਤ ਵਿੱਚ ਆਉਣ ਤੋਂ ਪਹਿਲਾਂ ਉਹ (ਹਰਜੀਤ ਸੱਜਣ) ਉਸ ਹੀ ਬ੍ਰਿਟਿਸ਼ ਕੋਲੰਬੀਆ ਰੈਜਮੈਂਟ ਡਿਊਕ ਆਫ਼ ਕਨੋਟੰਜ਼ਓਨ ਦੇ ਕਮਾਂਡਿੰਗ ਅਫਸਰ ਸਨ ਜਿਸ ਨੇ ਕੋਮਾਗਾਟਾ ਮਾਰੂ ਦੇ ਮੁਸਾਫ਼ਿਰਾਂ ਨੂੰ ਕੈਨੇਡਾ ਤੋਂ ਵਾਪਿਸ ਜਾਣ ਲਈ ਮਜ਼ਬੂਰ ਕੀਤਾ ਸੀ.....।'ਇਹ ਇੱਕ ਇਤਿਹਾਸਕ ਤੇ ਗੌਰਵਮਈ ਧੰਨਵਾਦ ਹੈ ਜੋ ਭਾਰਤ ਦੇਸ਼,ਪੰਜਾਬ ਤੇ ਸਿੱਖ ਕੌਮ ਲਈ ਮਾਣ ਦੀ ਗੱਲ ਹੈ। ਵਿਦੇਸ਼ੀ ਧਰਤੀ 'ਤੇ ਇੰਨੇ ਉੱਚੇ ਅਹੁਦੇ 'ਤੇ ਪਹੁੰਚ ਕੇ ਵੀ ਇਸ ਪੂਰਨ ਗੁਰਸਿੱਖ ਨੇ ਆਪਣੀ ਮਾਤਭੂਮੀ ਅਤੇ ਪਿਛੋਕੜ ਨੂੰ ਨਹੀਂ ਭੁਲਾਇਆ। ਸੈਣੀ ਬਰਾਦਰੀ ਨੂੰ ਆਪਣੇ ਇਸ ਸਪੂਤ 'ਤੇ ਅੰਤਾਂ ਦਾ ਮਾਣ ਹੈ।

ਪੰਜਾਬ ਨੂੰ ਜਿਹੜੇ ਹਾਲੇ ਵੀ ਖੁਸ਼ਹਾਲ ਦੱਸਦੇ ਨੇ,
ਬੇਗ਼ੈਰਤ ਨੇ ਜਾਂ ਉਹ ਕਿਧਰੇ ਹੋਰ ਵੱਸਦੇ ਨੇ।
ਹਰ ਵਾਰੀ ਹੀ ਘਾਟਾ ਕਰਜ਼ਾ ਚੜ੍ਹਦਾ ਜਾਂਦਾ ਏ,
ਦੇਖਾ ਦੇਖੀ ਦੇ ਵਿਚ ਸਭ ਕੁਝ ਹੜ੍ਹਦਾ ਜਾਂਦਾ ਏ।
ਫੁੱਲਾਂ ਵਰਗੀਆਂ ਧੀਆਂ ਪੱਥਰੋਂ ਭਾਰੀ ਕਰ ਦਿੰਦੇ,
ਕੁੱਝ ਨੀਂ ਲੈਣਾ ਜੰਞ ਦੀ ਸੇਵਾ ਸ਼ਰਤ ਨੇ ਧਰ ਦਿੰਦੇ।
ਦੂਜਿਆਂ ਦੇ ਢਿੱਡ ਭਰਦਾ ਆਪ ਕੰਗਾਲ ਹੋ ਗਿਆ ਏ,
ਜ਼ਹਿਰਾਂ ਵੇਚ ਵਪਾਰੀ ਮਾਲਾਮਾਲ ਹੋ ਗਿਆ ਏ।
ਧਰਤੀ ਕਿਉਂ ਨੀ ਕੰਬਦੀ ਜਦ ਗਲ ਫਾਹਾ ਪਾਉਂਦਾ ਏ,
ਚੁੱਪ ਦੀਆਂ ਕੂਕਾਂ ਸੁਣ ਕੇ ਪੱਥਰ ਦਿਲ ਭਰ ਆਉਂਦਾ ਏ,
ਆਏ ਦਿਨ ਅੰਨਦਾਤਾ ਮੌਤ ਨੂੰ ਗਲੇ ਲਗਾਉਂਦਾ ਏ।
(ਧਿਆਨ ਸਿੰਘ ਰਾਏ)

ਨਾ ਫ਼ਿਕਰ ਕਰੀ ਕਿਰਸਾਨਾਂ ਸਾਰੇ ਦੁੱਖੜੇ ਹਰ ਦਿਆਂਗੇ,
ਵੀਹ ਸੌ ਬਾਈ ਤੱਕ ਤੇਰੀ ਆਮਦਨੀ ਦੁੱਗਣੀ ਕਰ ਦਿਆਂਗੇ।
ਖ਼ੁਦਕੁਸ਼ੀ ਵਾਲੇ ਦਿਨ ਹੀ ਚੈੱਕ ਮੁਆਵਜ਼ੇ ਵਾਲਾ ਵੀ,
ਤੇਰੀ ਪਤਨੀ ਜਾਂ ਪੁੱਤਰ ਦੇ ਹੱਥ ਧਰ ਦਿਆਂਗੇ।
-ਮੂਲ ਚੰਦ ਸ਼ਰਮਾ

ਚਰਨਜੀਤ ਕੌਰ ਪੁੱਤਰੀ ਪੱਤਰਕਾਰ ਇਕਬਾਲ ਸਿੰਘ ਬਾਲੀ ਜਿਸਨੇ ਦਸਵੀਂ ਦੀ ਪ੍ਰੀਖਿਆ ਵਿੱਚ 10 ਸੀ.ਜੀ.ਪੀ.ਏ. ਅੰਕ ਪ੍ਰਾਪਤ ਕੀਤੇ ਹਨ।





ਕਵਿਤਾ

## ਅੱਸੂ ਤੋਂ ਅੱਸੂ ਤੱਕ

ਗਗਨ ਬੜਵਾਲ

ਹਾੜ੍ਹ ਦੇ ਗਲ ਲਗ ਕੇ ਮੇਰੀ,
ਕਲਮ ਘੌਰੇ ਕਿਉਂ ਜਕਦੀ।
ਗਰਮ ਰੇਤਿਆਂ ਨਾਲ ਫੁੱਲਾਂ ਨੂੰ,
ਪੂਰੀ ਤਰ੍ਹਾਂ ਹੈ ਢਕਦੀ।
ਸੜੇ ਬੁਝੇ ਏਸ ਮੌਸਮ ਵਰਗੇ,
ਅਲਫ਼ਾਜ਼ ਕੁਸੈਲੇ ਬਕਦੀ।
ਪਿੰਡ ਦੀਆਂ ਢੱਕੀਆਂ ਓਹਲੇ ਖੜ੍ਹ ਕੇ,
ਡੁੱਬਦਾ ਸੂਰਜ ਤੱਕਦੀ।
ਸ਼ਾਮ ਵੇਖੀ ਮੈਂ ਹਰ ਹਾੜ੍ਹ ਦੀ,
ਟਿੱਬਿਆਂ ਉੱਤੇ ਨੱਚਦੀ।

ਸਾਉਣ ਦੇ ਗਲ ਲਗ ਕੇ ਮੇਰੀ,
ਕਲਮ ਹੜ੍ਹਦੀ ਵਿੱਚ ਪਾਣੀ।
ਕਣੀਆਂ ਪਿੱਛੋਂ ਨਿੱਖਰ ਜਾਂਦੇ ਨੇ,
ਹਰ ਪੱਤਾ ਹਰ ਟਾਹਣੀ।
ਕਾਲੇ ਬੱਦਲ ਤੇਜ਼ ਹਵਾਵਾਂ,
ਚਲਦੀ ਨਿੱਤ ਮਧਾਣੀ।
ਸਾਉਣ ਮਹੀਨਾ ਸੁਣਾਉਂਦਾ ਲੱਗੇ,
ਪਰੀਆਂ ਦੀ ਕਹਾਣੀ।
ਕੀ ਆਇਆ ਓਹ ਜੱਗ ਦੇ ਅੰਦਰ,
ਜਿਸ ਇਹ ਰੁੱਤ ਨੀ ਮਾਣੀ।
ਭਾਦੋਂ ਦੇ ਗਲ ਲਗ ਕੇ ਮੇਰੀ,
ਕਲਮ ਲੱਗੇ ਮੈਨੂੰ ਥੱਕੀ।
ਏਸ ਮਹੀਨੇ ਜਵਾਨ ਹੋ ਜਾਂਦੀ,
ਸਿਆੜਾਂ ਵਿਚਲੀ ਮੱਕੀ।
ਬੱਦਲ ਫਿਰਦੇ ਭੱਜਦੇ ਅੰਬਰੀਂ,
ਜਿਉਂ ਮਿਰਜ਼ੇ ਦੀ ਬੱਕੀ।
ਸਾਉਣ ਛਰਾਟਿਆਂ ਤੋਂ ਹੁਣ ਧਰਤੀ,
ਜਾਪਦੀ ਮੈਨੂੰ ਅੱਕੀ।
ਇਸੇ ਤਰ੍ਹਾਂ ਹੀ ਚਲਦੀ ਰਹਿੰਦੀ,
ਮਹੀਨਿਆਂ ਵਾਲੀ ਚੱਕੀ।

-ਟਰਾਂਟੋ



ਕਵਿਤਾ

## ਕਮਾਲ ਏ ਖ਼ਵਾਬ

ਸੁਰਿੰਦਰ ਸੈਣੀ

ਰੋਸ਼ਨੀ ਚ ਚਮਕਦਾ ਅਜ਼ਬ ਖੁਸ਼ੀ ਦਾ ਦਰ ਵੇਖਿਆ,
ਰਾਤੀਂ ਖਵਾਬ 'ਚ ਆਪਣਾ ਵਿੱਛੜਿਆ ਘਰ ਵੇਖਿਆ।

ਖੁਸ਼ਨੁਮਾ ਦਾਸਤਾਂ ਪਿਆਰ ਦੀ ਚੰਦ ਤਾਰੇ ਸੀ ਸੁਣਾ ਰਹੇ,
ਖੂਬਸੂਰਤ ਯਾਦਾਂ 'ਚ ਆਪਣਾ ਵਿੱਛੜਿਆ ਘਰ ਵੇਖਿਆ।

ਮੁਹੱਬਤ ਦਾ ਫਰਿਸ਼ਤਾ ਹਮਸਫਰ ਗਲ ਲਗ ਕੇ ਰੋਇਆ,
ਸਿੱਲੀਆਂ ਪਲਕਾਂ 'ਚ ਆਪਣਾ ਵਿੱਛੜਿਆ ਘਰ ਵੇਖਿਆ।

ਗਲੀਆਂ ਦੇ ਕੱਖਾਂ ਨੇ ਵੀ ਸਿਰ ਝੁੱਕ ਕੇ ਕੀਤੀ ਸਲਾਮ,
ਪਿਆਰ ਦੀ ਮਹਿਕ 'ਚ ਆਪਣਾ ਵਿੱਛੜਿਆ ਘਰ ਵੇਖਿਆ।

ਸਾਰੀ ਕਾਇਨਾਤ ਵਿੱਚ ਸਿਮਟ ਗਇਆ ਸੀ ਵਜੂਦ ਮੇਰਾ,
ਅੱਲਾ ਦੀ ਰਹਿਮਤ ਚ ਆਪਣਾ ਵਿੱਛੜਿਆ ਘਰ ਵੇਖਿਆ।

ਗ਼ਮਾਂ ਤੋਂ ਮਹਿਰੂਮ ਇਹ ਦਿਲ ਬਹਿਲਦਾ ਰਿਹਾ,
ਕਮਾਲ ਏ ਖ਼ਵਾਬ 'ਚ ਆਪਣਾ ਵਿੱਛੜਿਆ ਘਰ ਵੇਖਿਆ।

-ਰੂਪਨਗਰ

### ਜਾਂਬਾਜ਼ ਤਿੱਕੜੀ



ਭਾਰਤੀ ਹਵਾਈ ਸੈਨਾ ਵਿੱਚ ਪਹਿਲੀ ਵੇਰ ਮਹਿਲਾ ਲੜਾਕੂ ਪਾਇਲਟ ਵਜੋਂ ਸ਼ਾਮਲ ਅਵਨੀ ਚਤੁਰਵੇਦੀ, ਭਾਵਨਾ ਕੰਥ ਤੇ ਮੋਹਨਾ ਸਿੰਘ।



ਰਾਹੁਲ ਸੈਣੀ ਪੁੱਤਰ ਸ਼੍ਰੀ ਰਾਮ ਕੁਮਾਰ ਵਾਸੀ ਆਦਰਸ਼ ਨਗਰ, ਰੂਪਨਗਰ ਜਿਸਨੇ ਸੈਣੀ ਭਵਨ ਤੋਂ ਵਜ਼ੀਫੇ ਦੇ ਰੂਪ ਵਿੱਚ ਮਿਲੀ ਵਿੱਤੀ ਸਹਾਇਤਾ ਨਾਲ ਬੀ.ਟੈੱਕ ਕਰਨ ਉਪਰੰਤ ਆਈ.ਆਈ.ਟੀ. ਰੁੜਕੀ ਵਿੱਚ ਐੱਮ.ਟੈੱਕ ਦਾ ਦਾਖ਼ਲਾ ਲਿਆ ਹੈ।

### ਆਰਥਿਕ ਸਹਾਇਤਾ ਲਈ ਧੰਨਵਾਦ

- ਸ.ਤਰਲੋਚਨ ਸਿੰਘ(ਰਿਟਾ.ਸਾਇੰਸ ਮਾਸਟਰ) ਪਿੰਡ ਬਜੀਦਪੁਰ ਜ਼ਿਲ੍ਹਾ ਰੋਪੜ ਹੁਣ ਵਾਸੀ ਕੈਨੇਡਾ। -10000/- (ਦਸ ਹਜ਼ਾਰ ਰੁਪਏ)
- ਸ਼੍ਰੀ ਅਸ਼ੋਕ ਕੁਮਾਰ (ਰਿਟ.ਲੈਕਚਰਾਰ) ਨੂਰਪੁਰ ਬੇਦੀ ਜ਼ਿਲ੍ਹਾ ਰੋਪੜ। -5100/- (ਇਕਵੰਜਾ ਸੌ ਰੁਪਏ)

### ਵਿਸ਼ੇਸ਼ ਸੂਚਨਾ

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵੱਲੋਂ ਹਰ ਸਾਲ ਉੱਚ ਸਿੱਖਿਆ ਸੰਸਥਾਵਾਂ ਵਿੱਚ ਲੋੜਵੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਵਜ਼ੀਫਾ ਪ੍ਰਾਪਤ ਕਰਨ ਲਈ ਸੈਣੀ ਭਵਨ ਦੇ ਦਫ਼ਤਰ ਵਿੱਚੋਂ ਨਿਰਧਾਰਤ ਪ੍ਰਫਾਰਮਾ ਲੈ ਕੇ ਭਰਨ ਉਪਰੰਤ 25 ਅਗਸਤ 2016 ਤੱਕ ਇਸ ਦਫ਼ਤਰ ਵਿੱਚ ਜਮ੍ਹਾਂ ਕਰਵਾਇਆ ਜਾ ਸਕਦਾ ਹੈ।

ਇਸ ਸਾਲ ਤੋਂ ਇੱਕ ਨਵਾਂ ਮੈਗਾ (Mega) ਵਜ਼ੀਫਾ ਆਰੰਭ ਕਰਨ ਦੀ ਤਜਵੀਜ਼ ਵਿਚਾਰਅਧੀਨ ਹੈ। ਇਹ ਵਜ਼ੀਫਾ ਕੇਵਲ ਰਾਸ਼ਟਰਪੱਧਰੀ ਉੱਚ-ਸਿੱਖਿਆ ਸੰਸਥਾਵਾਂ ਵਿੱਚ ਪੜ੍ਹਦੇ ਜਾਂ ਖੋਜ ਕਾਰਜ ਕਰਦੇ ਸੈਣੀ ਵਿਦਿਆਰਥੀਆਂ ਨੂੰ ਦਿੱਤਾ ਜਾਣਾ ਹੈ। ਇਸ ਸਬੰਧੀ ਸੈਣੀ ਭਵਨ ਰੂਪਨਗਰ ਦੇ ਦਫ਼ਤਰ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।


### ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਚੜ੍ਹਤ

- ਭਾਰਤੀ ਅਮਰੀਕੀ ਪਗੜੀਧਾਰੀ ਸਿੱਖ ਸ. ਮਨਜੀਤ ਸਿੰਘ ਨੂੰ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਉਬਾਮਾ ਨੇ ਆਪਣੀ ਸਲਾਹਕਾਰ ਕੌਂਸਲ ਦਾ ਮੈਂਬਰ ਨਿਯੁਕਤ ਕੀਤਾ ਹੈ। ਇਹ ਇੱਕ ਮਹੱਤਵਪੂਰਨ ਪ੍ਰਸ਼ਾਸਨਿਕ ਅਹੁਦਾ ਹੈ। ਇੰਜ. ਮਨਜੀਤ ਸਿੰਘ ਸਾਫਟਵੇਅਰ ਟੈਕਨੋਲੋਜੀ ਸਲਾਹਕਾਰ ਫਰਮ "ਅਜਿਲੀਅਸ' ਦੇ ਪ੍ਰਧਾਨ ਹਨ।
- ਪੰਜਾਬੀ ਮੂਲ ਦੇ ਪਗੜੀਧਾਰੀ ਸਿੱਖ ਵਰਿੰਦਰ ਖੁਣ ਖੁਣ ਨੇ ਅਮਰੀਕਾ ਦੇ ਮੋਡੈਸਟੋ ਪੁਲਿਸ ਵਿਭਾਗ ਵਿੱਚ ਪੁਲਿਸ ਅਧਿਕਾਰੀ ਬਣਨ ਦਾ ਮਾਣ ਹਾਸਲ ਕੀਤਾ ਹੈ। ਭਾਵੇਂ ਉਸ ਦੇਸ਼ ਦੀ ਪੁਲਿਸ ਵਿੱਚ ਕੇਵਲ ਕਲੀਨ ਸ਼ੇਵਨ ਹੀ ਅਧਿਕਾਰੀ ਦੀ ਡਿਊਟੀ ਦੇ ਸਕਦਾ ਹੈ। ਪਰੰਤੂ ਇਹ 28 ਸਾਲਾ ਨੌਜਵਾਨਾ ਪੱਗੜੀ ਸਜਾ ਕੇ ਆਪਣੀ ਡਿਊਟੀ ਨਿਭਾਏਗਾ।
- ਪੰਜਾਬੀ ਮੂਲ ਦੀ ਸ਼੍ਰੀਮਤੀ ਹਰਿੰਦਰ ਸਿੱਧੂ ਭਾਰਤ ਵਿੱਚ ਅਸਟ੍ਰੇਲੀਆ ਦੀ ਹਾਈ ਕਮਿਸ਼ਨਰ ਨਿਯੁਕਤ ਹੋਈ ਹੈ। ਇਸ ਨਾਲ ਵਿਸ਼ਵਭਰ ਵਿੱਚ ਪੰਜਾਬੀਆਂ ਦਾ ਮਾਣ ਨਾਲ ਸਿਰ ਉੱਚਾ ਹੋਇਆ ਹੈ।

ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ।

# ਜ਼ਿੰਦਗੀ

ਸੰਦੀਪ ਕੌਰ
-ਰੂਪਨਗਰ



ਕਦੇ-ਕਦੇ ਜ਼ਿੰਦਗੀ ਤੋਂ ਨਫ਼ਰਤ ਹੁੰਦੀ ਹੈ ਤੇ ਕਦੇ ਪਿਆਰ ਆ ਜਾਂਦਾ ਹੈ। ਸਾਨੂੰ ਸਮਝ ਨਹੀਂ ਆਉਂਦੀ ਕਿ ਅਸੀਂ ਜ਼ਿੰਦਗੀ ਤੋਂ ਕੀ ਚਾਹੁੰਦੇ ਹਾਂ ਤੇ ਜ਼ਿੰਦਗੀ ਸਾਥੋਂ ਕੀ ਚਾਹੁੰਦੀ ਹੈ।

ਸਾਰੀ ਜ਼ਿੰਦਗੀ ਇਨਸਾਨ ਰਿਸ਼ਤਿਆਂ ਵਿੱਚ ਹੀ ਉਲਝਿਆਂ ਰਹਿੰਦਾ ਹੈ। ਹਰ ਰਿਸ਼ਤੇ ਨੂੰ ਖੁਸ਼ ਰੱਖਣਾ ਇਨਸਾਨ ਦੇ ਹੱਥ ਵਿੱਚ ਨਹੀਂ ਹੁੰਦਾ। ਇੱਕ ਖੁਸ਼ ਤੇ ਦੂਜਾ ਨਰਾਜ਼, ਇਹ ਸਭ ਚਲਦਾ ਰਹਿੰਦਾ ਹੈ ਸਾਰੀ ਜ਼ਿੰਦਗੀ । ਦੂਜਿਆ ਨੂੰ ਖੁਸ਼ ਰੱਖਣ ਦੇ ਚੱਕਰ ਇਨਸਾਨ ਆਪਣੇ ਆਪ ਨਾਲ ਬੇਇਮਾਨੀ ਕਰਦਾ ਹੈ। ਕਹਿੰਦੇ ਨੇ ਕਿ ਸਭ ਦੀ ਪਰਵਾਹ ਕਰਨੀ ਛੱਡ ਦਿਓ, ਸਿਰਫ਼ ਆਪਣੇ ਬਾਰੇ ਸੋਚੋ ਕਿ ਇਹ ਠੀਕ ਹੈ? ਮੈਨੂੰ ਸਮਝ ਨਹੀਂ ਆ ਰਹੀ ਕਿ ਸਿਰਫ਼ ਆਪਣੇ ਬਾਰੇ ਸੋਚਣਾ ਦੂਜਿਆ ਦੀ ਪਰਵਾਹ ਨਾ ਕਰਨਾ ਇਹ ਜ਼ਿੰਦਗੀ ਹੈ?

ਅਜਕੱਲ੍ਹ ਦੇ ਜ਼ਮਾਨੇ ਵਿੱਚ ਇਹ ਹੀ ਜ਼ਿੰਦਗੀ ਹੈ। ਮੈਨੂੰ ਮੇਰੀ ਪੈਂਤੀ ਸਾਲ ਦੀ ਉਮਰ ਨੇ ਬਹੁਤ ਕੁਝ ਸਿਖਾਇਆ ਹੈ। ਅਸੀਂ ਜਿਨਾ ਦੂਜਿਆਂ ਲਈ ਜਿਉਂਦੇ ਹਾਂ ਉਨਾਂ ਹੀ ਆਪਣੇ ਲਈ ਮਰਦੇ ਹਾਂ। ਦੂਜਿਆ ਦੀ ਜ਼ਿੰਦਗੀ ਨੂੰ ਸਵਾਰਨ ਦੇ ਚੱਕਰ ਵਿੱਚ ਆਪਣੀ ਜ਼ਿੰਦਗੀ ਖ਼ਤਮ ਕਰਦੇ ਹਾਂ। ਕਿਉਂਕਿ ਕਿਸੇ ਲਈ ਕੁਝ ਵੀ ਕਰ ਲਓ ਉਹ ਖੁਸ਼ ਨਹੀਂ ਹੋ ਸਕਦੇ ਅਸੀਂ ਕਿਸੇ ਵੀ ਉਂਗਲੀ ਫੜਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਹੱਥ ਫੜਦਾ ਹੈ ਤੇ ਜੇ ਹੱਥ ਫੜਾ ਦਿੰਦੇ ਹਾਂ ਤਾਂ ਉਹ ਬਾਂਹ ਫੜਦਾ ਹੈ। ਹੌਲੀ ਹੌਲੀ ਉਹ ਇਨਸਾਨ ਸਾਡਾ ਸਾਰਾ ਵਜੂਦ ਹੀ ਆਪਣੇ ਲਈ ਚਾਹੁੰਦਾ ਹੈ। ਫਿਰ ਜੇ ਤੁਸੀਂ ਆਪਣੇ ਲਈ ਕੁਝ ਕਰਦੇ ਹੋ ਤਾਂ ਉਹ ਇਨਸਾਨ ਜਿਸ ਨੇ ਤੁਹਾਨੂੰ ਆਪਣੇ ਸਿਰ ਤੇ ਬੈਠਾਇਆ ਸੀ ਤੁਹਾਨੂੰ ਦੱਸੇ ਬਿਨ੍ਹਾਂ ਹੀ ਹੇਠਾਂ ਚੁੱਕ ਕੇ ਮਾਰੇਗਾ ਤੇ ਉਹ ਸੱਟ ਜੋ ਤੁਹਾਨੂੰ ਲੱਗੇਗੀ ਪੂਰੀ ਜ਼ਿੰਦਗੀ ਠੀਕ ਨਹੀਂ ਹੋਏਗੀ। ਕਿਸੇ ਦੇ ਕਦਮਾਂ ਵਿੱਚ ਨਾ ਡਿਗੋ ਕਿ ਉਹ ਤੁਹਾਨੂੰ ਕੁਚਲ ਹੀ ਦੇਵੇ ਕਿਸੇ ਦੇ ਸਿਰ 'ਤੇ ਨਾ ਬੈਠੋ ਕਿ ਉਹ ਤੁਹਾਨੂੰ ਨੀਚੇ ਡਿੱਗਣ ਤੋਂ ਡਰਾਉਂਦਾ ਰਹੇ। ਜ਼ਿੰਦਗੀ ਜਿਉਂਣ ਲਈ ਮਿਲੀ ਹੈ ਇਸ ਨੂੰ ਪੂਰੀ ਤਰ੍ਹਾਂ ਜਿਉਣਾ ਚਾਹੀਦਾ ਹੈ। ਅੱਜਕੱਲ੍ਹ ਦੇ ਜ਼ਮਾਨੇ ਵਿੱਚ ਆਪਣੀ ਜ਼ਿੰਦਗੀ ਆਪਣੇ ਲਈ ਜੀਅ ਰਹੇ ਹੋ ਤਾਂ ਸਹੀ ਢੰਗ ਨਾਲ ਜੀਅ ਰਹੇ ਹੋ ਤਾਂ ਬਹੁਤ ਬੜੀ ਗੱਲ ਹੈ। ਆਣੇ ਫਰਜ਼ਾਂ ਨੂੰ ਭੁੱਲੇ ਬਿਨ੍ਹਾਂ ਆਪਣੀ ਜ਼ਿੰਦਗੀ ਆਪਣੇ ਲਈ ਜਿਊਣਾ ਗਲਤ ਨਹੀਂ ਹੈ।

ਅੱਜ ਕੱਲ੍ਹ ਕੋਈ ਰਿਸ਼ਤਾ ਲੈ ਲਓ, ਸਭ ਪੈਸੇ ਨਾਲ ਤੋਲੇ ਜਾਂਦੇ ਹਨ। ਜੇ ਪੈਸਾ ਹੈ ਤਾਂ ਰਿਸ਼ਤਾ ਹੈ ਨਹੀਂ ਸਭ ਰਿਸ਼ਤਿਆ ਦੇ ਅਰਥ ਭੁੱਲ ਜਾਂਦੇ ਹਨ। ਜ਼ਿੰਦਗੀ ਵਿੱਚ ਰਿਸ਼ਤੇ ਅਹਿਮ ਭੂਮਿਕਾ ਨਿਭਾਉਂਦੇ ਹਨ। ਰਿਸ਼ਤਿਆਂ ਨੂੰ ਸੰਭਾਲ ਕੇ ਰੱਖਣਾ ਜ਼ਿੰਦਗੀ ਦੀ ਬਹੁਤ ਬੜੀ ਉਪਲਬਦੀ ਹੈ। ਪਰ ਇਹ ਉਪਲਬਧੀ ਸ਼ਾਇਦ ਹੀ ਕਿਸੇ ਨੂੰ ਮਿਲੀ ਹੈ। ਤੁਸੀਂ ਪੂਰੀ ਜ਼ਿੰਦਗੀ ਰਿਸ਼ਤਿਆਂ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਹਾਂ ਤੇ ਆਪਣੀ ਜ਼ਿੰਦਗੀ ਖ਼ਤਮ ਕਰ ਦਿੰਦੇ ਹਾਂ। ਜਦੋਂ ਇਹ ਉਪਲੱਬਦੀ ਮਿਲਣ ਦਾ ਸਮਾਂ ਆਉਂਦਾ ਹੈ ਤਾਂ ਸਾਡੇ ਰਿਸ਼ਤੇ ਸਾਡੇ ਅੱਗੇ ਤਰ੍ਹਾਂ ਤਰ੍ਹਾਂ ਦੇ ਸਵਾਲ ਲੈ ਕੇ ਖੜ੍ਹੇ ਹੋ ਜਾਂਦੇ ਹਨ। ਕਹਿੰਦੇ ਹਨ ਕਿ ਇਹ ਉਪਲੱਬਦੀ ਤੁਹਾਨੂੰ ਕਿਵੇਂ ਮਿਲ ਸਕਦੀ ਹੈ ਤੁਸੀਂ ਕੀ ਕੀਤਾ ਹੈ? ਬਸ ਫਿਰ ਕੀ ਜ਼ਿੰਦਗੀ ਖ਼ਤਮ ਨਜ਼ਰ ਆਉਂਦੀ ਹੈ। ਜ਼ਿੰਦਗੀ ਤੋਂ ਨਫ਼ਰਤ ਹੋਣ ਲੱਗਦੀ ਹੈ।

ਮੈਂ ਸਿਰਫ਼ ਇਹ ਹੀ ਕਹਿ ਸਕਦੀ ਹਾਂ ਕਿ ਸਿਰਫ਼ ਵਰਤਮਾਨ ਵਿੱਚ ਜ਼ਿੰਦਗੀ ਜੀਓ। ਕੱਲ੍ਹ ਕੀ ਕੀਤਾ, ਕੱਲ੍ਹ ਨੂੰ ਕੀ ਹੋਵੇਗਾ ਸਭ ਬੇਅਰਥ ਹੈ। ਆਪਣੇ ਲਈ ਜੀਓ ਤੇ ਖੁਸ਼ ਰਹੋ।

## ਸਰਬੱਤ ਦਾ ਭਲਾ

ਪੰਜਾਬੀ ਜਿੱਥੇ ਮਿਹਨਤ ਅਤੇ ਖੁਸ਼ਮਿਜਾਜ਼ੀ ਲਈ ਦੁਨੀਆਂ ਵਿੱਚ ਪ੍ਰਸਿੱਧ ਹਨ ਉਥੇ ਮਨੁੱਖਤਾ ਦੀ ਸੇਵਾ ਲਈ ਵੀ ਅੱਗੇ ਰਹਿੰਦੇ ਹਨ। ਸਿੱਖ ਤਾਂ ਇਹ ਅਰਦਾਸ ਹਰ ਰੋਜ਼ ਕਰਦੇ ਹਨ'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਸਾਡੇ ਸਾਰਿਆਂ ਲਈ ਇਹ ਮਾਣ ਦੀ ਗੱਲ ਹੈ ਕਿ ਕੈਨੇਡਾ ਦੇ ਪੰਜਾਬੀਆਂ ਨੇ ਆਪਣੇ ਗੁਰੂਆਂ ਦੇ ਉਪਦੇਸ਼ ਨੂੰ ਅਮਲੀ ਰੂਪ ਦਿੱਤਾ ਹੈ।

ਇਸ ਸਾਲ ਮਈ ਮਹੀਨ ਦੇ ਪਹਿਲੇ ਹਫ਼ਤੇ ਕੈਨੇਡੀਅਨ ਸੂਬੇ ਅਲਬਰਟਾ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਨੇ ਅਜਿਹੀ ਤਬਾਹੀ ਮਚਾਈ ਕਿ ਉੱਥੋਂ ਦੇ ਸ਼ਹਿਰ ਫੋਰਟ ਮੈਕਮਰੀ ਦੇ ਲੱਖਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਖਾਨਬਦੋਸ਼ ਹੋਣਾ ਪਿਆ। ਪੰਜਾਬੀਆਂ ਨੇ ਮਨੁੱਖਤਾ ਦੇ ਇਸ ਦਰਦ ਨੂੰ ਸਭ ਤੋਂ ਵੱਧ ਮਹਿਸੂਸ ਕੀਤਾ ਹੈ। ਉੱਥੋਂ ਦੀਆਂ ਗੁਰੂਦੁਆਰਾ ਕਮੇਟੀਆਂ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ,ਇਸ ਦੁੱਖ ਦੀ ਘੜੀ ਵਿੱਚ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਅਪੀਲ ਕੀਤੀ ਤਾਂ ਕੁੱਝ ਘੰਟਿਆਂ ਵਿੱਚ ਹੀ ਲੱਖਾਂ ਡਾਲਰ ਇਕੱਠੇ ਹੋ ਗਏ। ਇਸ ਨਾਲ ਪੀੜਤਾਂ ਲਈ ਖਾਣ-ਪੀਣ ਦਾ ਡੱਬਾ ਬੰਦ ਸਾਮਾਨ ਖਰੀਦਿਆ ਗਿਆ ਜਿਸ ਨੂੰ ਬਿਨਾਂ ਕੋਈ ਕਿਰਾਇਆ ਲਿਆਂ ਰਾਹਤ ਕੈਂਪਾਂ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਪੰਜਾਬੀ ਟ੍ਰਾਂਸਪੋਰਟਰਾਂ ਨੇ ਲੈ ਲਈ। ਇਸ ਪ੍ਰਕਾਰ ਨੌਂ ਕੰਟੇਨਰ ਸੀਲ ਬੰਦ ਰਾਹਤ ਸਮੱਗਰੀ ਨਾਲ ਭਰ ਕੇ ਐਡਮੋਂਟਨ ਭੇਜੇ ਗਏ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪੀੜਤਾਂ ਵਿੱਚ ਬਹੁਤ ਘੱਟ ਲੋਕ ਪੰਜਾਬੀ ਹਨ। ਪੰਜਾਬੀਆਂ ਦੀ ਇਸ ਉਦਾਰਦਿਲੀ 'ਤੇ ਇੱਕ ਚੀਨੀ ਵਪਾਰੀ ਨੇ ਟਿੱਪਣੀ ਕਰਦਿਆਂ ਆਖਿਆ'ਮੈਂ ਇਹ ਤਾਂ ਸੁਣਿਆਂ ਸੀ ਕਿ ਪੰਜਾਬੀ ਜੋਖਮ ਉਠਾਉਣ ਤੇ ਦਲੇਰੀ ਵਿਖਾਉਣ 'ਚ ਮਿੰਟ ਨਹੀਂ ਲਗਾਉਂਦੇ ਪਰ ਉਹ ਲੋੜਵੰਦਾਂ ਲਈ ਇੰਨੇ ਦਿਆਲੂ ਹਨ ਇਸ ਦਾ ਪਤਾ ਮੈਨੂੰ ਅੱਗ ਪੀੜਤਾਂ ਦੀ ਮੱਦਦ ਕੀਤੇ ਜਾਣ 'ਤੇ ਹੀ ਲੱਗਾ'।



ਸ਼੍ਰੀ ਰਾਜ ਕੁਮਾਰ ਸੈਣੀ, ਐੱਮ.ਪੀ. ਕੁਰੂਕਸ਼ੇਤਰ
ਅਤੇ ਹੋਰ ਮਹਿਮਾਨ ਮੈਗਜ਼ੀਨ ਸੈਣੀ ਸੰਸਾਰ ਦਾ 21ਵਾਂ ਅੰਕ ਰਲੀਜ਼ ਕਰਦੇ ਹੋਏ।



ਸੈਣੀ ਭਵਨ ਦੇ ਪ੍ਰਬੰਧਕ, ਕੇਂਦਰੀ ਕੈਬਨਿਟ ਮੰਤਰੀ ਦੇ ਪੀ.ਏ
ਸ. ਅਮਨਦੀਪ ਸਿੰਘ ਸੈਣੀ ਦਾ ਸਨਮਾਨ ਕਰਦੇ ਹੋਏ।



ਸ਼੍ਰੀ ਰਾਜ ਕੁਮਾਰ ਸੈਣੀ (ਐੱਮ.ਪੀ.) ਦਾ ਸਨਮਾਨ ਕਰਦੇ ਹੋਏ
ਸ਼੍ਰੀ ਕਮਲ ਚੌਧਰੀ, ਸ. ਤੇਜਦੀਪ ਸਿੰਘ ਸੈਣੀ (ਐੱਸ.ਡੀ.ਐਮ.)
ਅਤੇ ਹੋਰ।



ਸੈਣੀ ਭਵਨ ਵਿਖੇ ਫੈਬਰਿਕਸ ਪੇਂਟਿੰਗ ਅਤੇ ਜਿਊਲਰੀ
ਦੀ ਵਿਸ਼ੇਸ਼ ਸਿਖਲਾਈ-ਵਰਕਸ਼ਾਪ ਸਮੇਂ ਵਧੀਆ
ਕਾਰਗੁਜ਼ਾਰੀ ਲਈ ਵਿਦਿਆਰਥਣਾਂ ਨੂੰ ਸਨਮਾਨਿਤ ਕਰਦੇ ਹੋਏ
ਸ਼੍ਰੀ ਐੱਲ.ਆਰ.ਮੁੰਦਰ ਅਤੇ ਹੋਰ।



ਸ. ਤੇਜਦੀਪ ਸਿੰਘ ਸੈਣੀ ਪੀ.ਸੀ.ਐੱਸ. ਦੀ ਬਦਲੀ ਰੂਪਨਗਰ ਤੋਂ
ਬਾਬਾ ਬਕਾਲਾ ਵਿਖੇ ਐੱਸ.ਡੀ.ਐੱਮ. ਵਜੋਂ ਹੋਣ 'ਤੇ ਉਨ੍ਹਾਂ ਦਾ
ਅਤੇ ਪਰਿਵਾਰ ਦਾ ਸਨਮਾਨ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ।